17-SEP-PAGE-1.qxd 9/16/2023 10:41 PM Page 1

ਐਤਵਾਰ, 17 ਸਤੰਬਰ, 2023
1 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 107

ਨਵਾਂ ਜ਼ਮਾਨਾ

DAILY NAWAN ZAMANA • SUNDAY, 17 SEPTEMBER, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 8+6=14

ਗੋਲੀਬਾਰੀ ਨਾਲ ਗੂੰਜ ਰਹੀਆਂ ਕੋਕਰਨਾਗ ਦੀਆਂ ਪਹਾੜੀਆਂ

ਬਾਰਾਮੂਲਾ 'ਚ ਤਿੰਨ ਤੇ ਕੋਕਰਨਾਗ 'ਚ ਇੱਕ ਅੱਤਵਾਦੀ ਢੇਰ

ਸ੍ਰੀਨਗਰ : ਜੰਮੂ-ਕਸ਼ਮੀਰ ਦੇ ਅਨੰਤਨਾਗ ਦੇ ਕੋਕਰਨਾਗ 'ਚ ਸੁਰੱਖਿਆ ਬਲਾਂ ਨੇ ਇੱਕ ਅੱਤਵਾਦੀ ਨੂੰ ਮਾਰ ਦਿੱਤਾ। ਅੱਤਵਾਦੀ ਦੀ ਲਾਸ਼ ਡਰੋਨ ਨਾਲ ਦੇਖੀ ਗਈ। ਅੱਤਵਾਦੀਆਂ ਦੇ ਖਾਤਮੇ ਲਈ ਸੁਰੱਖਿਆ ਬਲਾਂ ਦਾ ਅਪ੍ਰੇਸ਼ਨ ਸ਼ਨੀਵਾਰ ਵੀ ਜਾਰੀ ਹੈ। ਜੰਗਲਾਂ 'ਚ ਲੁਕੇ ਅੱਤਵਾਦੀਆਂ 'ਤੇ ਡਰੋਨ ਰਾਹੀਂ ਬੰਬ ਵਰਸਾਏ ਜਾ ਰਹੇ ਹਨ। ਸ਼ਨੀਵਾਰ ਬਾਰਿਸ਼ ਦੌਰਾਨ ਵੀ ਦੋਵਾਂ ਪਾਸਿਓਂ ਗੋਲੀਬਾਰੀ ਚਲਦੀ ਰਹੀ। ਸੁਰੱਖਿਆ ਬਲਾਂ ਮੁਤਾਬਕ ਇੱਥੇ ਹੋਰ ਅੱਤਵਾਦੀ ਲੁਕੇ ਹੋਣ ਦਾ ਖਦਸ਼ਾ ਹੈ। ਇਸ ਲਈ ਫੌਜ ਹਾਈਟੈੱਕ ਉਪਕਰਨਾਂ ਰਾਹੀਂ ਪਹਾੜੀਆਂ ਨੂੰ ਛਾਣ ਰਹੀ ਹੈ। ਕਿਸ਼ਤਵਾੜ 'ਚ ਪੁਲਸ ਨੇ ਉਨ੍ਹਾ ਘਰਾਂ 'ਤੇ ਨੋਟਿਸ ਲਾ ਦਿੱਤੇ ਹਨ, ਜਿਨ੍ਹਾਂ ਘਰਾਂ ਦੇ ਲੋਕ ਅੱਤਵਾਦੀ ਟ੍ਰੇਨਿੰਗ ਲਈ ਪੀ ਓ ਕੇ ਗਏ ਹਨ।

ਕਸ਼ਮੀਰ ਦੇ ਬਾਰਾਮੂਲਾ 'ਚ ਲਾਈਨ ਆਫ਼ ਕੰਟਰੋਲ ਦੇ ਨੇੜੇ ਉਰੀ ਹਥਲੰਗਾ ਇਲਾਕੇ 'ਚ ਸ਼ਨੀਵਾਰ ਫੌਜ ਨੇ ਮੁਕਾਬਲੇ 'ਚ ਤਿੰਨ ਅੱਤਵਾਦੀਆਂ ਨੂੰ ਮਾਰ ਦਿੱਤਾ। ਮਾਰੇ ਗਏ ਅੱਤਵਾਦੀਆਂ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਗਈਆਂ। ਤੀਜੇ ਅੱਤਵਾਦੀ ਦੀ ਲਾਸ਼ ਬਾਰਡਰ ਦੇ ਕੋਲ ਹੈ। ਪਾਕਿਸਤਾਨ ਪੋਸਟ ਤੋਂ ਲਗਾਤਾਰ ਗੋਲੀਬਾਰੀ ਹੋਣ ਕਾਰਨ ਬਾਡੀ ਨਹੀਂ ਚੁੱਕੀ ਜਾ ਰਹੀ। ਉਰੀ ਹਥਲੰਗਾ 'ਚ ਸਵੇਰੇ ਅੱਤਵਾਦੀਆਂ ਨੂੰ ਦੇਖੇ ਜਾਣ ਤੋਂ ਬਾਅਦ ਫੌਜ ਅਤੇ ਪੁਲਸ ਨੇ ਜਾਇੰਟ ਅਪਰੇਸ਼ਨ ਸ਼ੁਰੂ ਕੀਤਾ ਸੀ। ਇਸ ਦੌਰਾਨ ਅੱਤਵਾਦੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਸੁਰੱਖਿਆ ਬਲਾਂ ਨੇ ਜਵਾਬੀ ਕਾਰਵਾਈ ਕੀਤੀ। ਇਹ ਉਹੀ ਇਲਾਕਾ ਹੈ, ਜਿੱਥੇ ਦਸੰਬਰ 2022 'ਚ ਸੁਰੱਖਿਆ ਬਲਾਂ ਨੇ ਇੱਕ ਵੱਡੇ ਅੱਤਵਾਦੀ ਟਿਕਾਣੇ ਦਾ ਪਰਦਾ ਫਾਸ਼ ਕੀਤਾ ਸੀ। ਪਿਛਲੇ ਛੇ ਦਿਨਾਂ 'ਚ ਇਹ ਤੀਜਾ ਮੁਕਾਬਲਾ ਹੈ।

ਸਾਡੀਆਂ ਗਰੰਟੀਆਂ ਅਸਲੀ, ਬਾਕੀ ਸਭ ਫਰਜ਼ੀ : ਕੇਜਰੀਵਾਲ

ਅਸੀਂ ਭਾਜਪਾ ਵਾਂਗ 'ਜੁਮਲਾ' ਨਹੀਂ ਕਹਿੰਦੇ, ਜੋ ਗਰੰਟੀ ਦਿੰਦੇ, ਪੂਰੀ ਕਰਦੇ : ਭਗਵੰਤ ਮਾਨ

ਜਗਦਲਪੁਰ : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬਸਤਰ ਦੇ ਜਗਦਲਪੁਰ 'ਚ ਇੱਕ ਰੈਲੀ ਕੀਤੀ। ਇਸ ਦੌਰਾਨ ਕੇਜਰੀਵਾਲ ਨੇ ਕਿਹਾ ਕਿ ਸਾਨੂੰ ਦੇਖ ਕੇ ਬਾਕੀ ਪਾਰਟੀਆਂ ਵੀ ਗਰੰਟੀਆਂ ਦੇਣ ਲੱਗ ਗਈਆਂ ਹਨ, ਪਰ ਉਨ੍ਹਾਂ ਦੀਆਂ ਗਰੰਟੀਆਂ ਫਰਜ਼ੀ ਹਨ। ਸਿਰਫ਼ ਆਮ ਆਦਮੀ ਪਾਰਟੀ ਦੀ ਗਰੰਟੀ ਅਸਲੀ ਹੈ।

ਕੇਜਰੀਵਾਲ ਨੇ ਕੇਂਦਰ ਸਰਕਾਰ 'ਤੇ ਦੋਸ਼ ਲਾਉਂਦੇ ਹੋਏ ਇਹ ਵੀ ਕਿਹਾ ਕਿ ਜਦ ਜੰਮੂ-ਕਸ਼ਮੀਰ 'ਚ ਮੁਕਾਬਲਾ ਹੋ ਰਿਹਾ ਸੀ ਅਤੇ ਸਾਡੇ ਜਵਾਨ ਸ਼ਹੀਦ ਹੋਏ, ਉਦੋਂ ਭਾਜਪਾ ਹੈੱਡਕੁਆਰਟਰ 'ਚ ਜਸ਼ਨ ਮਨਾਏ ਜਾ ਰਹੇ ਸਨ। ਹੁਣ ਤੱਕ ਭਾਜਪਾ ਦੇ ਕਈ ਵੱਡੇ ਨੇਤਾਵਾਂ ਨੇ ਉਸ 'ਤੇ ਕੁਝ ਨਹੀਂ ਕਿਹਾ। ਛੋਟੀਆਂ-ਛੋਟੀਆਂ ਗੱਲਾਂ 'ਤੇ ਉਹ ਟਵੀਟ ਕਰਦੇ ਹਨ, ਪਰ ਸ਼ਹਾਦਤ 'ਤੇ ਉਨ੍ਹਾਂ ਕੋਈ ਦੁੱਖ ਨਹੀਂ ਪ੍ਰਗਟਾਇਆ। 'ਇੰਡੀਆ' ਗਠਜੋੜ 'ਤੇ ਕੇਜਰੀਵਾਲ ਨੇ ਕਿਹਾ ਕਿ ਆਪੋਜੀਸ਼ਨ ਦੇ ਗਠਜੋੜ ਨੇ ਆਪਣਾ ਨਾਂਅ ਇੰਡੀਆ ਰੱਖਿਆ ਤਾਂ ਭਾਜਪਾ ਵਾਲਿਆਂ ਨੇ ਦੇਸ਼ ਦਾ ਨਾਂਅ ਬਦਲਣ ਦਾ ਸੋਚ ਲਿਆ। ਹਿੰਮਤ ਹੈ ਤਾਂ ਇੰਡੀਆ ਦਾ ਨਾਂਅ ਬਦਲ ਕੇ ਦਿਖਾਓ। ਇਹ ਹਿੰਦੁਸਤਾਨ ਸਾਡਾ ਹੈ, ਕਿਸੇ ਦੇ ਪਿਤਾ ਜੀ ਦਾ ਨਹੀਂ।

ਇਸ ਮੌਕੇ ਕੇਜਰੀਵਾਲ ਨੇ ਛੱਤੀਸਗੜ੍ਹ ਦੇ ਲੋਕਾਂ ਨੂੰ 10 ਗਰੰਟੀਆਂ ਦਿੱਤੀਆਂ, ਜਿਨ੍ਹਾਂ 'ਚ ਦਿੱਲੀ ਅਤੇ ਪੰਜਾਬ ਦੀ ਤਰ੍ਹਾਂ ਛੱਤੀਸਗੜ੍ਹ 'ਚ ਹਰ ਮਹੀਨੇ ਘਰ ਨੂੰ 300 ਯੂਨਿਟ ਬਿਜਲੀ ਮੁਫ਼ਤ ਦਿੱਤੀ ਜਾਵੇਗੀ। ਸਾਰੇ ਪਿੰਡਾਂ ਅਤੇ ਸ਼ਹਿਰਾਂ 'ਚ ਬਿਨਾਂ ਕੱਟ ਲੱਗੇ 24 ਘੰਟੇ ਬਿਜਲੀ ਦਿੱਤੀ ਜਾਵੇਗੀ, ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਸਾਰੇ ਪੁਰਾਣੇ ਬਕਾਏ ਘਰੇਲੂ ਬਿਜਲੀ ਬਿੱਲ ਮੁਆਫ਼ ਕੀਤੇ ਜਾਣਗੇ। ਦਿੱਲੀ ਦੀ ਤਰ੍ਹਾਂ ਹਰ ਪਿੰਡ ਅਤੇ ਵਾਰਡ 'ਚ ਮੁਹੱਲਾ ਕਲੀਨਿਕ ਖੋਲ੍ਹੇ ਜਾਣਗੇ, ਸਾਰੇ ਮੌਜੂਦਾ ਸਰਕਾਰੀ ਹਸਪਤਾਲਾਂ ਨੂੰ ਸ਼ਾਨਦਾਰ ਬਣਾਇਆ ਜਾਵੇਗਾ ਅਤੇ ਨਵੇਂ ਸਰਕਾਰੀ ਹਸਪਤਾਲ ਖੋਲ੍ਹੇ ਜਾਣਗੇ। ਦਿੱਲੀ ਦੀ ਤਰ੍ਹਾਂ ਸਾਰੀਆਂ ਦਵਾਈਆਂ ਫਰੀ ਦਿੱਤੀਆਂ ਜਾਣਗੀਆਂ। ਭ੍ਰਿਸ਼ਟਾਚਾਰ ਨੂੰ ਪੂਰੀ ਤਰ੍ਹਾਂ ਖ਼ਤਮ ਕੀਤਾ ਜਾਵੇਗਾ। ਕਿਸੇ ਵੀ ਸਰਕਾਰੀ ਦਫ਼ਤਰ 'ਚ ਕੰਮ ਕਰਾਉਣ ਲਈ ਤੁਹਾਨੂੰ ਦਫ਼ਤਰਾਂ 'ਚ ਨਹੀਂ ਜਾਣਾ ਪਵੇਗਾ। ਦਿੱਲੀ ਦੀ ਤਰ੍ਹਾਂ ਇੱਕ ਫੋਨ ਨੰਬਰ ਜਾਰੀ ਕਰਾਂਗੇ, ਤੁਸੀਂ ਉਸ ਫੋਨ 'ਤੇ ਕਾਲ ਕਰੋ, ਆਪਣਾ ਨਾਂਅ ਦੱਸੋ ਤੇ ਕੰਮ ਹੋ ਜਾਵੇਗਾ। ਸਰਕਾਰੀ ਮੁਲਾਜ਼ਮ ਤੁਹਾਡੇ ਘਰ ਪਹੁੰਚ ਕੇ ਤੁਹਾਡਾ ਕੰਮ ਕਰਨਗੇ। ਹਰ ਬੇਰੁਜ਼ਗਾਰ ਨੂੰ ਰੁਜ਼ਗਾਰ ਮੁਹੱਈਆ ਕਰਾਇਆ ਜਾਵੇਗਾ। ਜਦ ਤੱਕ ਨੌਕਰੀ ਨਹੀਂ ਮਿਲੇਗੀ, ਉਦੋਂ ਤੱਕ ਹਰ ਬੇਰੁਜ਼ਗਾਰ ਨੂੰ 3000 ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇਗਾ। ਲਗਭਗ 10 ਲੱਖ ਬੇਰੁਜ਼ਗਾਰਾਂ ਨੂੰ ਸਰਕਾਰੀ ਨੌਕਰੀ 'ਚ ਭਰਤੀ ਕੀਤਾ ਜਾਵੇਗਾ। ਉਨ੍ਹਾ ਕਿਹਾ ਪੰਜਾਬ 'ਚ 36 ਹਜ਼ਾਰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ।

ਭਗਵੰਤ ਮਾਨ ਨੇ ਕਾਂਗਰਸ ਅਤੇ ਭਾਜਪਾ ਨੂੰ ਘੇਰਦੇ ਹੋਏ ਕਿਹਾ ਇਹ ਲੋਕ ਕਫ਼ਨ ਦੇ ਵੀ ਪੈਸੇ ਖਾ ਗਏ। ਅਰਵਿੰਦ ਕੇਜਰੀਵਾਲ ਦੇ ਮੈਨੀਫੈਸਟੋ ਨੂੰ ਦੇਖ ਕੇ ਹੋਰ ਪਾਰਟੀਆਂ ਨੇ ਵੀ ਆਪਣੇ ਮੈਨੀਫੈਸਟੋ ਬਦਲ ਲਏ ਹਨ। ਚੰਗੇ ਦਿਨ ਆਉਣ ਵਾਲੇ ਹਨ। ਇਹ ਤਾਂ ਸਿਰਫ਼ ਜੁਮਲਾ ਨਿਕਲਿਆ। ਭਗਵੰਤ ਮਾਨ ਨੇ ਕਿਹਾ, ਇਸ ਤਰ੍ਹਾਂ ਦੀ ਭੀੜ ਪਹਿਲਾ ਪੰਜਾਬ ਚੋਣਾਂ 'ਚ ਦੇਖੀ ਸੀ। ਹੁਣ ਇੱਥੇ ਦੇਖ ਰਹੇ ਹਾਂ। ਉਨ੍ਹਾ ਕਿਹਾ ਕਿ ਪਹਿਲਾਂ ਝਾੜੂ ਦੁਕਾਨ ਅਤੇ ਘਰ ਸਾਫ਼ ਕਰਨ ਦੇ ਕੰਮ 'ਚ ਵਰਤੇ ਜਾਂਦੇ ਸਨ, ਪਰ ਹੁਣ ਕੇਜਰੀਵਾਲ ਦੀ ਅਗਵਾਈ 'ਚ ਪੂਰੇ ਹਿੰਦੁਸਤਾਨ ਨੂੰ ਸਾਫ਼ ਕੀਤਾ ਜਾਵੇਗਾ। ਹਰ ਸਮੱਸਿਆ ਦਾ ਇੱਕ ਹੀ ਹੱਲ ਹੈ, ਆਮ ਆਦਮੀ ਪਾਰਟੀ। ਦਰਿਆ ਨੂੰ ਰੋਕਿਆ ਨਹੀਂ ਜਾਂਦਾ, ਅਸੀਂ ਆਪਣਾ ਰਸਤਾ ਖੁਦ ਬਣਾਉਂਦੇ ਹਾਂ।

ਕੈਨੇਡਾ ਵੱਲੋਂ ਭਾਰਤ ਨਾਲ ਅਕਤੂਬਰ 'ਚ ਹੋਣ ਵਾਲਾ ਵਪਾਰ ਮਿਸ਼ਨ ਮੁਲਤਵੀ

ਓਟਾਵਾ : ਕੈਨੇਡਾ ਦਾ ਭਾਰਤ 'ਚ ਅਕਤੂਬਰ ਵਿੱਚ ਹੋਣ ਵਾਲਾ ਵਪਾਰ ਮਿਸ਼ਨ ਮੁਲਤਵੀ ਕਰ ਦਿੱਤਾ ਗਿਆ ਹੈ। ਕੈਨੇਡੀਅਨ ਵਪਾਰ ਮੰਤਰੀ ਮੈਰੀ ਐਨਜੀ ਦੇ ਬੁਲਾਰੇ ਕਾਸੋਟਿਨੋ ਨੇ ਇਸ ਘਟਨਾਕ੍ਰਮ ਦੀ ਪੁਸ਼ਟੀ ਕੀਤੀ। ਬੁਲਾਰੇ ਨੇ ਬਿਨਾਂ ਕੋਈ ਕਾਰਨ ਦੱਸੇ ਕਿਹਾ, 'ਇਸ ਸਮੇਂ ਅਸੀਂ ਭਾਰਤ 'ਚ ਹੋਣ ਵਾਲੇ ਵਪਾਰ ਮਿਸ਼ਨ ਨੂੰ ਮੁਲਤਵੀ ਕਰ ਰਹੇ ਹਾਂ।' ਹਾਲਾਂਕਿ ਇਸ ਮਹੀਨੇ ਦੀ ਸ਼ੁਰੂਆਤ 'ਚ ਕੈਨੇਡਾ ਨੇ ਭਾਰਤ ਨਾਲ ਵਪਾਰ ਸਮਝੌਤੇ 'ਤੇ ਗੱਲਬਾਤ 'ਤੇ ਰੋਕ ਲਾ ਦਿੱਤੀ ਸੀ। ਇਹ ਗੱਲ ਪ੍ਰਧਾਨ ਮੰਤਰੀ ਮੋਦੀ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਿਚਾਲੇ ਨਵੀਂ ਦਿੱਲੀ 'ਚ ਜੀ-20 ਸੰਮੇਲਨ 'ਚ ਗੱਲਬਾਤ ਤੋਂ ਕੁਝ ਦਿਨ ਬਾਅਦ ਆਈ ਹੈ। ਕਾਸੋਟਿਨੋ ਨੇ ਕਿਹਾ ਕਿ ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਜਿਨ੍ਹਾ ਜੀ-20 ਸਿਖਰ ਸੰਮੇਲਨ ਦੌਰਾਨ ਕਈ ਵਿਸ਼ਵ ਨੇਤਾਵਾਂ ਨਾਲ ਰਸਮੀ ਦੁਵੱਲੀਆਂ ਮੀਟਿੰਗਾਂ ਕੀਤੀਆਂ ਸਨ, ਇਸ ਦੌਰਾਨ ਉਨ੍ਹਾ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੂੰ ਨਜ਼ਰਅੰਦਾਜ਼ ਕਰ ਦਿੱਤਾ ਅਤੇ ਕੇਵਲ ਇੱਕ ਛੋਟੀ ਮੀਟਿੰਗ ਦੀ ਇਜਾਜ਼ਤ ਦਿੱਤੀ।

ਦੂਜੇ ਪਾਸੇ ਭਾਰਤ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਦੋਵਾਂ ਦੇਸ਼ਾਂ 'ਚ ਵਪਾਰ ਨਾਲ ਜੁੜੀ ਚਰਚਾ ਉਦੋਂ ਹੀ ਹੋਵੇਗੀ, ਜਦ ਦੂਜੇ ਮੁੱਦਿਆਂ 'ਤੇ ਹੱਲ ਨਿਕਲੇਗਾ। ਉਨ੍ਹਾ ਕਿਹਾ—ਕੈਨੇਡਾ 'ਚ ਕੁਝ ਇਸ ਤਰ੍ਹਾਂ ਦੀਆਂ ਸਿਆਸੀ ਗਤੀਵਿਧੀਆਂ ਹੋ ਰਹੀਆਂ, ਜਿਨ੍ਹਾਂ 'ਤੇ ਭਾਰਤ ਨੂੰ ਇਤਰਾਜ਼ ਸੀ। ਜਦ ਤੱਕ ਇਨ੍ਹਾਂ ਦਾ ਹੱਲ ਨਹੀਂ ਨਿਕਲਦਾ, ਉਦੋਂ ਤੱਕ ਕੈਨੇਡਾ ਨਾਲ ਟਰੇਡ ਐਗਰੀਮੈਂਟ ਸੰਬੰਧੀ ਗੱਲਬਾਤ ਰੋਕ ਦਿੱਤੀ ਗਈ ਹੈ।

'ਇੰਡੀਆ' ਗਠਜੋੜ ਦੀ ਭੂਪਾਲ 'ਚ ਹੋਣ ਵਾਲੀ ਰੈਲੀ ਰੱਦ

ਨਵੀਂ ਦਿੱਲੀ : ਕਾਂਗਰਸ ਦੇ ਸੀਨੀਅਰ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਕਮਲਨਾਥ ਨੇ ਸ਼ਨੀਵਾਰ ਕਿਹਾ ਕਿ ਅਕਤੂਬਰ ਦੇ ਪਹਿਲੇ ਹਫ਼ਤੇ ਮੱਧ ਪ੍ਰਦੇਸ਼ ਦੀ ਰਾਜਧਾਨੀ ਭੂਪਾਲ 'ਚ ਇੰਡੀਆ ਗਠਜੋੜ ਦੀ ਹੋਣ ਵਾਲੀ ਰੈਲੀ ਨੂੰ ਰੱਦ ਕਰ ਦਿੱਤਾ ਗਿਆ ਹੈ। ਕਾਂਗਰਸ ਜਨਰਲ ਸਕੱਤਰ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਰੈਲੀ ਦੇ ਸੰਬੰਧ 'ਚ ਕਾਂਗਰਸ ਪ੍ਰਧਾਨ ਅਤੇ ਇੰਡੀਆ ਗਠਜੋੜ ਦੇ ਹੋਰ ਸਹਿਯੋਗੀਆਂ ਦੇ ਨਾਲ ਚਰਚਾ ਚੱਲ ਰਹੀ ਹੈ। ਹਾਲਾਂਕਿ ਸੁਰਜੇਵਾਲਾ ਨੇ ਕਿਹਾ ਕਿ ਇਹ ਰੈਲੀ ਕਦੋਂ ਅਤੇ ਕਿੱਥੇ ਆਯੋਜਿਤ ਕੀਤੀ ਜਾਵੇਗੀ, ਇਸ 'ਤੇ ਕੋਈ ਆਖਰੀ ਫੈਸਲਾ ਨਹੀਂ ਲਿਆ ਗਿਆ। ਦੋਵੇਂ ਨੇਤਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਪਾਰਟੀ ਦੀ ਰਾਜਵਿਆਪੀ 'ਜਨ ਅਕ੍ਰੋਸ਼ ਯਾਤਰਾ' ਦੇ ਸੰਬੰਧ 'ਚ ਭੂਪਾਲ ਵਿੱਚ ਮੀਡੀਆ ਨੂੰ ਸੰਬੋਧਨ ਕਰ ਰਹੇ ਸਨ।

ਇਸੇ ਦੌਰਾਨ ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ ਨੂੰ ਦੇਖਦੇ ਹੋਏ ਕਾਂਗਰਸ ਨੇ ਕਿਹਾ ਕਿ ਕਾਂਗਰਸ ਦੀਆਂ ਸੱਤ ਜਨ ਅਕ੍ਰੋਸ਼ ਯਾਤਰਾਵਾਂ 19 ਸਤੰਬਰ ਗਣੇਸ਼ ਚਤੁਰਥੀ 'ਤੇ ਸ਼ੁਰੂ ਹੋਣਗੀਆਂ। ਉਹ 15 ਦਿਨਾਂ 'ਚ ਮੱਧ ਪ੍ਰਦੇਸ਼ ਦੇ ਸਾਰੇ 230 ਵਿਧਾਨ ਸਭਾ ਖੇਤਰਾਂ 'ਚ 11,400 ਕਿਲੋਮੀਟਰ ਦੀ ਯਾਤਰਾ ਕਰਨਗੇ। ਯਾਤਰਾ ਦੀ ਅਗਵਾਈ ਸੀਨੀਅਰ ਕਾਂਗਰਸੀ ਨੇਤਾ ਅਤੇ ਮੱਧ ਪ੍ਰਦੇਸ਼ 'ਚ ਆਪੋਜੀਸ਼ਨ ਦੇ ਨੇਤਾ ਡਾ. ਗੋਵਿੰਦਰ ਸਿੰਘ ਸਮੇਤ ਹੋਰ ਨੇਤਾ ਕਰਨਗੇ।

ਕਾਂਗਰਸ ਨੇਤਾ ਪਵਨ ਖੇੜਾ ਨੇ ਕਿਹਾ ਕਿ ਤੁਹਾਡੇ 'ਚੋਂ ਕਈ ਲੋਕਾਂ ਨੂੰ ਕਾਂਗਰਸ ਪਾਰਟੀ ਤੋਂ ਸ਼ਿਕਾਇਤ ਸੀ ਕਿ ਅਸੀਂ ਦੇਸ਼ ਦੀਆਂ ਸੜਕਾਂ 'ਤੇ ਨਹੀਂ ਆਉਂਦੇ। ਮੈਨੂੰ ਉਮੀਦ ਹੈ ਕਿ ਹੁਣ ਉਹ ਸ਼ਿਕਾਇਤ ਖ਼ਤਮ ਹੋ ਗਈ ਹੈ। ਰਾਹੁਲ ਗਾਂਧੀ ਨੇ 4000 ਕਿਲੋਮੀਟਰ ਦੀ ਭਾਰਤ ਜੋੜੋ ਯਾਤਰਾ ਕੀਤੀ। ਇਹ ਸਾਡੀ ਰਾਜਨੀਤੀ ● ਬਾਕੀ ਸਫ਼ਾ 2 'ਤੇ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ ਮੌਕੇ ਸਜਾਇਆ ਨਗਰ ਕੀਰਤਨ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ ਮੌਕੇ ਸ਼ਨੀਵਾਰ ਵੱਡੀ ਗਿਣਤੀ ਸੰਗਤਾਂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਇਤਿਹਾਸਕ ਦਿਹਾੜੇ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਸਮਾਗਮ ਕੀਤੇ ਗਏ। ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਜਾਏ ਗਏ ਇਸ ਨਗਰ ਕੀਰਤਨ ਦੀ ਰਵਾਨਗੀ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜ ਪਿਆਰਿਆਂ, ਨਿਸ਼ਾਨਚੀ ਤੇ ਨਗਾਰਚੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਸਤਿਕਾਰ ਦਿੱਤਾ।

ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ। ਇਸ ਮੌਕੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸੰਗਤਾਂ ਨੂੰ ਪਹਿਲੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਇਸ਼ਟ ਹਨ ਅਤੇ ਹਰ ਸਿੱਖ ਦਾ ਫ਼ਰਜ਼ ਹੈ ਕਿ ਉਹ ਪਾਵਨ ਗੁਰਬਾਣੀ ਵੱਲੋਂ ਦਰਸਾਏ ਮਾਰਗ 'ਤੇ ਚੱਲ ਕੇ ਜੀਵਨ ਬਤੀਤ ਕਰੇ। ਉਨ੍ਹਾ ਕਿਹਾ ਕਿ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਪਣੇ ਹੱਥੀਂ ਸੰਨ 1604 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਕੇ ਪਹਿਲਾ ਪ੍ਰਕਾਸ਼ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ। ਇਸੇ ਦਿਨ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਥਾਪ ਕੇ ਸੇਵਾ-ਸੰਭਾਲ ਦੀਆਂ ਸੇਵਾਵਾਂ ਦਿੱਤੀਆਂ, ਜਿਸ ਨਾਲ ਗ

17-SEP-PAGE-1.qxd 9/16/2023 10:42 PM Page 2

ਨਸ਼ਾ ਵਿਰੋਧੀ ਫਰੰਟ ਵੱਲੋਂ ਭਲਕ ਦੇ ਧਰਨੇ ਲਈ ਲਾਮਬੰਦੀ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ) : ਇਲਾਕੇ ਵਿੱਚ ਨਸ਼ਿਆਂ ਖਿਲਾਫ ਸਰਗਰਮ ਨਸ਼ਾ ਵਿਰੋਧੀ ਫਰੰਟ ਵੱਲੋਂ ਪੜਾਅ ਵਾਰ ਰੈਲੀਆਂ ਕਰਕੇ ਲੋਕਾਂ ਵਿੱਚ ਚੇਤਨਾ ਪੈਦਾ ਕਰਨ ਲਈ ਪ੍ਰੋਗਰਾਮ ਤਹਿਤ ਪੱਤੀ ਵਡਿਆਣੀ ਵਿਖੇ ਲੋਕਾਂ ਦੀ ਲਾਮਬੰਦੀ ਕੀਤੀ ਗਈ, ਜਿਸ ਵਿੱਚ 18 ਸਤੰਬਰ ਨੂੰ ਥਾਣਾ ਲੌਂਗੋਵਾਲ ਦੇ ਘਿਰਾਓ ਕਰਨ ਦੇ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਨਾਲ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਅਮਰਜੀਤ ਸਿੰਘ ਗਿੱਲ, ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਰਣਜੀਤ ਸਿੰਘ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਕਮਲਜੀਤ ਵਿੱਕੀ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਭੋਲਾ ਸਿੰਘ, ਮਹਿੰਦਰ ਸਿੰਘ, ਭਾਰਤੀ ਕਿਸਾਨ ਯੂਨੀਅਨ ਅਜ਼ਾਦ ਦੇ ਅਮਰ ਸਿੰਘ, ਫਰੰਟ ਦੇ ਆਗੂ ਮਿਸਤਰੀ ਬਲਵੰਤ ਬੀਟਾ, ਜ਼ਿਲ੍ਹਾ ਫਰੀਡਮ ਫਾਈਟਰਜ਼ ਦੇ ਦਰਸ਼ਨ ਸਿੰਘ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂ ਜੁਝਾਰ ਲੌਂਗੋਵਾਲ, ਲੱਖਾ ਸਿੰਘ ਤੇ ਬਹਾਦਰ ਸਿੰਘ ਗਿੱਲ ਨੇ ਆਪਣੇ ਸੰਬੋਧਨ ਵਿੱਚ ਸਰਕਾਰ ਤੇ ਪੁਲਸ ਪ੍ਰਸ਼ਾਸਨ ਨੂੰ ਆੜੇ ਹੱਥੀਂ ਲੈਂਦਿਆਂ ਨੌਜਵਾਨਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਨ ਵਾਲੇ ਇਨ੍ਹਾਂ ਸਮਾਜ ਵਿਰੋਧੀ ਅਨਸਰਾਂ, ਨਸ਼ਾ ਤਸਕਰਾਂ 'ਤੇ ਦੇਸ਼ ਧ੍ਰੋਹ ਦੇ ਪਰਚੇ ਦਰਜ ਕਰਕੇ ਜੇਲ੍ਹਾਂ ਵਿੱਚ ਡੱਕਣ ਦੀ ਮੰਗ ਕੀਤੀ। ਆਗੂਆਂ ਨੇ ਨਸ਼ੇ ਦੇ ਵੱਡੇ ਤਸਕਰਾਂ ਦਾ ਪੁਲਸ ਦੀ ਗ੍ਰਿਫਤ 'ਚੋਂ ਬਾਹਰ ਹੋਣਾ ਆਪਣੇ ਆਪ ਵਿੱਚ ਵੱਡਾ ਸਵਾਲ ਗਰਦਾਨਿਆ। ਰੈਲੀ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਕਾਰਕੁਨਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਔਰਤਾਂ ਨੇ ਸ਼ਮੂਲੀਅਤ ਕੀਤੀ।

ਮੁਹੰਮਦ ਸਦੀਕ ਮਿਲੇ ਵਾਈਸ ਚਾਂਸਲਰ ਨੂੰ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਮੈਂਬਰ ਪਾਰਲੀਮੈਂਟ ਫਰੀਦਕੋਟ ਮੁਹੰਮਦ ਸਦੀਕ ਵਲੋਂ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇਸਿੰਜ਼ ਫਰੀਦਕੋਟ ਦੇ ਵਾਇਸ ਚਾਂਸਲਰ ਪ੍ਰੋਫੈਸਰ (ਡਾ.) ਰਜੀਵ ਸੂਦ ਨਾਲ ਮੁਲਾਕਾਤ ਕੀਤੀ ਗਈ। ਮੁਹੰਮਦ ਸਦੀਕ ਵਲੋਂ ਮੀਟਿੰਗ ਦੌਰਾਨ ਯੂਨੀਵਰਸਿਟੀ ਨੂੰ ਹਰ ਸੰਭਵ ਮਦਦ ਕਰਨ ਦੀ ਆਪਣੀ ਇੱਛਾ ਦਾ ਪ੍ਰਗਟਾਵਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸਿੱਖਿਆ ਅਤੇ ਸਿਹਤ ਸਰਕਾਰ ਦੀਆਂ ਮੁੱਖ ਜ਼ੁੰਮੇਵਾਰੀਆਂ ਹਨ ਅਤੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇਸਿੰਜ਼ ਫਰੀਦਕੋਟ ਇਸ ਮਹਾਨ ਕਾਰਜ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ। ਮੀਟਿੰਗ ਉਪਰੰਤ ਮੈਂਬਰ ਪਾਰਲੀਮੈਂਟ ਵਲੋਂ ਯੂਨੀਵਰਸਿਟੀ ਦੇ ਦੌਰੇ ਕਰਨ ਸਮੇਂ ਵਾਇਸ ਚਾਂਸਲਰ ਡਾ. ਸੂਦ ਵਲੋਂ ਸੰਸਥਾ ਦੇ ਕਾਰਜਾਂ ਅਤੇ ਭੱਵਿਖ ਦੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਐਮ ਪੀ ਮੁਹੰਮਦ ਸਦੀਕ ਨੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਚੱਲ ਰਹੇ ਕਾਰਜਾਂ 'ਤੇ ਆਪਣੀ ਤਸੱਲੀ ਪ੍ਰਗਟਾਈ। ਇਸ ਫੇਰੀ ਦੌਰਾਨ ਗੁਰਦਿੱਤ ਸਿੰਘ ਸੇਖੋਂ ਐਮ.ਐੱਲ.ਏ. ਫਰੀਦਕੋਟ ਅਤੇ ਮੈਂਬਰ ਬੋਰਡ ਆਫ ਮੈਨੇਜਮੈਂਟ ਵੀ ਹਾਜ਼ਰ ਰਹੇ।

ਪੰਜਾਬ ਗ੍ਰਾਮੀਣ ਬੈਂਕ ਰਾਮੂੰਵਾਲਾ ਨਵਾਂ ਨੇ ਵਿੱਤੀ ਸਾਖਰਤਾ ਕੈਂਪ ਲਾਇਆ

ਅਜੀਤਵਾਲ (ਨਛੱਤਰ ਸੰਧੂ)-ਪੰਜਾਬ ਗ੍ਰਾਮੀਣ ਬੈਂਕ ਬ੍ਰਾਂਚ ਰਾਮੂੰਵਾਲਾ ਨਵਾਂ ਵਲੋਂ ਨਾਬਾਰਡ ਰਾਹੀਂ ਅਤੇ ਹੋਰ ਸਰਕਾਰੀ ਸਕੀਮਾਂ ਦੀ ਜਾਣਕਾਰੀ ਦੇਣ ਲਈ ਵਿੱਤੀ ਸਾਖਰਤਾ ਕੈਂਪ ਲਾਇਆ ਗਿਆ। ਇਸ ਮੌਕੇ ਰਾਸ਼ਿਦ ਲੇਖੀ ਡੀ.ਡੀ.ਐਮ ਨਾਬਾਰਡ ਨੇ ਡਿਜੀਟਲ ਪੇਮੈਂਟ, ਨਾਬਾਰਡ ਨਾਲ ਸਬੰਧਤ ਸਕੀਮਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਬ੍ਰਾਂਚ ਮੈਨੇਜਰ ਸਨਮ ਅਰੋੜਾ ਨੇ ਜੇ.ਐਲ.ਜੀ ਗਰੁੱਪ, ਕਿਸਾਨ ਕ੍ਰੈਡਿਟ ਕਾਰਡ, ਡੇਅਰੀ ਉਦਯੋਗ, ਪਸ਼ੂਆਂ ਦੇ ਰੱਖ ਰਖਾਅ ਵਾਸਤੇ ਦਿੱਤੇ ਜਾਂਦੇ ਲੋਨ ਤੋਂ ਇਲਾਵਾ ਗੋਲਡ ਲੋਨ ਸਕੀਮ ਦਾ ਲਾਹਾ ਲੈਣ ਦੀ ਅਪੀਲ ਕੀਤੀ । ਆਰ. ਬੀ.ਆਈ ਦੁਆਰਾ ਰੱਖੇ ਸੀ.ਐਫ.ਐਲ ਲਖਵੀਰ ਕੌਰ ਨੇ ਆਨਲਾਈਨ ਵੱਜ ਰਹੀ ਠੱਗੀ ਤੋਂ ਬਚਣ ਲਈ ਜਾਣਕਾਰੀ ਦਿੱਤੀ । ਬੈਂਕ ਅਫਸਰ ਸਿਮਰਜੀਤ ਕੌਰ ਨੇ ਅਧਿਕਾਰੀਆਂ ਤੇ ਨਗਰ ਵਾਸੀਆਂ ਦਾ ਧੰਨਵਾਦ ਕੀਤਾ । ਇਸ ਮੌਕੇ ਸਾਬਕਾ ਸਰਪੰਚ ਜਸਵਿੰਦਰ ਬੂਟਾ, ਬਲਦੇਵ ਸਿੰਘ ਵਾਰੰਟ ਅਫਸਰ, ਗੁਰਮੀਤ ਕਾਕਾ ਨੰਬਰਦਾਰ, ਪ੍ਰਿੰਸ ਗਿੱਲ ਰਾਮੂੰਵਾਲਾ ਪ੍ਰਧਾਨ ਸੀ.ਆਰ.ਓ, ਮਲਕੀਤ ਸਿੰਘ ਆੜ੍ਹਤੀ ਮਹਿਰੋਂ, ਜਸਵਿੰਦਰ ਸਿੰਘ ਹਰਚੋਕਾ, ਰਾਧਾ ਮੈਂਬਰ ਰਣੀਆਂ, ਹਰਦੀਪ ਕੌਰ ਕੋਠੇ ਚੜਿੱਕ, ਗਾਰਡ ਅਵਤਾਰ ਸਿੰਘ, ਨਿਰਮਲ ਸਿੰਘ ਆਦਿ ਹਾਜ਼ਰ ਸਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਮੁੱਚੀ ਮਨੁੱਖਤਾ ਲਈ ਭਲੇ ਦਾ ਪ੍ਰਤੀਕ : ਬਾਬਾ ਗੁਰਦੀਪ ਸਿੰਘ

ਬਾਘਾ ਪੁਰਾਣਾ (ਮਨੀ ਸਿੰਗਲਾ)-ਮਾਲਵੇ ਦੇ ਪ੍ਰਸਿੱਧ ਅਤੇ ਪਵਿੱਤਰ ਇਤਿਹਾਸਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਪਿੰਡ ਚੰਦ ਪੁਰਾਣਾ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮ ਕਰਵਾਇਆ ਗਿਆ, ਜਿਸ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਲਾਹੀ ਬਾਣੀ ਦੇ ਪਾਠਾਂ ਦੇ ਭੋਗ ਪਾਏ ਗਏ। ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਇਸ ਮੌਕੇ ਇਕੱਤਰ ਸੰਗਤਾਂ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਲਾਹੀ ਬਾਣੀ ਦੀ ਮਹੱਤਤਾ ਦੱਸਦੇ ਹੋਏ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਚੰਦ ਪੁਰਾਣੇ ਵਾਲਿਆਂ ਨੇ ਕਿਹਾ ਕਿ ਸਮੁੱਚੀ ਬਾਣੀ ਵਿੱਚ ਸੱਚੇ ਸੁੱਚੇ ਕਰਮ ਕਰਦੇ ਹੋਏ ਅਕਾਲ ਪੁਰਖ ਦਾ ਨਾਮ ਸਦਾ ਸਿਮਰਦੇ ਰਹਿਣ ਦੀ ਤਾਕੀਦ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸਿਮਰਨ ਜੀਵਨ ਦਾ ਆਧਾਰ ਦੱਸਿਆ ਗਿਆ ਹੈ। ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੱਚ ਦਾ ਪ੍ਰਕਾਸ਼ ਹੈ ਤੇ ਇਕੋ ਇਕ ਅਕਾਲ ਪੁਰਖ ਦਾ ਨਾਮ ਸਿਮਰਨ ਕਰਨ ਤੇ ਉਸ ਨੂੰ ਯਾਦ ਰੱਖਣ ਦਾ ਆਦੇਸ਼ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਿੱਖ ਧਰਮ ਦੇ ਬਾਨੀਆਂ ਵੱਲੋਂ ਆਪ ਕੀਤੀ ਗਈ ਹੈ, ਜਿਸ ਕਰਕੇ ਇਹ ਧਰਮ ਗ੍ਰੰਥ ਸਭ ਪ੍ਰਕਾਰ ਦੇ ਸ਼ੰਕਿਆਂ ਤੋਂ ਮੁਕਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਦੇਸ਼ ਪੂਰੀ ਮਨੁੱਖਤਾ ਲਈ ਹੈ।

ਡੀ ਏ ਵੀ ਕਾਲਜ 'ਚ ਵਿਸ਼ਵ ਓਜ਼ੋਨ ਦਿਵਸ ਮਨਾਇਆ

ਜਗਰਾਉਂ (ਅਮਿਤ ਖੰਨਾ)- ਅੱਜ ਡੀ.ਏ.ਵੀ. ਕਾਲਜ, ਜਗਰਾਉਂ ਵਿੱਚ 'ਵਿਸ਼ਵ ਓਜ਼ੋਨ ਡੇ' ਮਨਾਉਣ ਦਾ ਪ੍ਰਬੰਧ ਕੀਤਾ ਗਿਆ। ਇਹ ਦਿਵਸ ਕਾਲਜ ਦੇ ਕੈਮਿਸਟਰੀ ਵਿਭਾਗ ਦੇ ਮੁਖੀ ਡਾ. ਸੁਭਾਸ਼ ਚੰਦ ਨੇ ਪ੍ਰਿੰਸੀਪਲ ਡਾ. ਅਨੁਜ ਕੁਮਾਰ ਸ਼ਰਮਾ ਦੀ ਅਗਵਾਈ 'ਚ ਆਯੋਜਿਤ ਕੀਤਾ। ਇਸ ਸੰਬੰਧੀ ਸਾਇੰਸ ਵਿਭਾਗ ਦੇ ਵਿਦਿਆਰਥੀਆਂ ਦਾ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ, ਜਿਸ ਵਿਚ ਉਨ੍ਹਾਂ ਰੰਗਦਾਰ ਤਸਵੀਰਾਂ ਰਾਹੀਂ ਦਰਸਾਉਣ ਦੀ ਕੋਸ਼ਿਸ਼ ਕੀਤੀ। ਓਜ਼ੋਨ ਪਰਤ ਨੂੰ ਸਭ ਤੋਂ ਜ਼ਿਆਦਾ ਨੁਕਸਾਨ ਪਹੁੰਚਾਉਣ ਵਾਲੀ ਗੈਸ ਕਲੋਰੋਫਲੋਰੋ ਕਾਰਬਨ ਬਾਰੇ ਚਰਚਾ ਕੀਤੀ ਗਈ। ਇਹ ਗੈਸ ਏਸੀ ਤੇ ਫਰਿੱਜਾਂ ਵਿਚੋਂ ਨਿਕਲਦੀ ਹੈ। ਇਸ ਲਈ ਸਾਇੰਸ ਵਿਭਾਗ ਨੇ ਅੱਜ 'ਏਸੀ ਬੰਦ ਕਰੋ' ਦਾ ਨਾਅਰਾ ਦਿੱਤਾ। ਅੱਜ ਦੇ ਦਿਨ ਕਾਲਜ ਨੇ ਸੰਕੇਤਕ ਤੌਰ 'ਤੇ ਏਸੀ ਬੰਦ ਰੱਖੇ। ਕੈਮਿਸਟਰੀ ਵਿਭਾਗ ਦੇ ਮੁਖੀ ਡਾ. ਸੁਭਾਸ਼ ਚੰਦ ਨੇ ਓਜ਼ੋਨ ਪਰਤ ਅਤੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਾਰਕਾਂ ਅਤੇ ਕਾਰਨਾਂ ਦਾ ਵਿਵਰਣ ਦਿੱਤਾ। ਇਸ ਸੈਮੀਨਾਰ ਰਾਹੀਂ ਓਜ਼ੋਨ ਪਰਤ ਨੂੰ ਬਚਾਉਣ ਦਾ ਸੱਦਾ ਦੇ ਕੇ ਵਾਤਾਵਰਨਕ ਬਦਲਾਉ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ। ਪ੍ਰਿੰਸੀਪਲ ਡਾ. ਅਨੁਜ ਕੁਮਾਰ ਸ਼ਰਮਾ ਨੇ ਵਿਦਿਆਰਥੀਆਂ ਨੂੰ ਇਸ ਸੰਕਟ ਤੋਂ ਚੇਤੰਨ ਹੋਣ ਦੀ ਗੱਲ ਕਹੀ। ਪੋਸਟਰ ਮੇਕਿੰਗ ਮੁਕਾਬਲੇ ਵਿੱਚ ਪਹਿਲਾ ਸਥਾਨ ਵਿਦਿਆਰਥਣਾਂ ਮਨਪ੍ਰੀਤ ਕੌਰ ਅਤੇ ਨੀਲਮ ਨੇ, ਦੂਜਾ ਸਥਾਨ ਸਿਮਰਨਜੀਤ ਕੌਰ ਨੇ ਪ੍ਰਾਪਤ ਕੀਤਾ ਅਤੇ ਤੀਜੇ ਸਥਾਨ 'ਤੇ 6 ਵਿਦਿਆਰਥਣਾਂ ਰਹੀਆਂ। ਬੀ.ਏ. ਭਾਗ ਪਹਿਲਾ ਦੀ ਵਿਦਿਆਰਥਣ ਰੋਜ਼ੀ ਨੇ ਖਾਸ ਤੌਰ 'ਤੇ ਹਿੱਸਾ ਲਿਆ। ਇਸ ਮੌਕੇ ਡਾ. ਸੁਭਾਸ਼ ਚੰਦ, ਪ੍ਰੋ. ਬਿਕਰਮਜੀਤ ਸਿੰਘ, ਪ੍ਰੋ. ਸਾਹਿਲ, ਪ੍ਰੋ. ਕਰਨਦੀਪ, ਪ੍ਰੋ. ਮੀਨਾਕਸ਼ੀ, ਪ੍ਰੋ. ਰੋਹਿਤ ਵਰਮਾ, ਪ੍ਰੋ. ਪਲਕ ਅਤੇ ਸਮੂਹ ਸਟਾਫ ਹਾਜ਼ਰ ਸੀ।

ਦਾ ਇਮੀਗਰੇਸ਼ਨ ਪਲੈਨਰ ਨੇ 4 ਸਾਲ ਬਾਅਦ ਲਗਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਬਹੁਤ ਹੀ ਥੋੜ੍ਹੇ ਸਮੇਂ 'ਚ ਆਈਲੈਟਸ ਦੀ ਦੁਨੀਆ 'ਚ ਆਪਣਾ ਨਾਂਅ ਬਣਾ ਰਹੀ ਇਮੀਗਰੇਸ਼ਨ ਪਲੈਨਰ ਜੋ ਕਿ ਕਾਲੇ ਕੇ ਰੋਡ ਉੱਪਰ ਸਥਿਤ ਹੈ, ਨੇ ਲਵਪ੍ਰੀਤ ਸਿੰਘ ਵਾਸੀ ਮਾਛੀਕੇ ਦਾ 4 ਸਾਲ ਦੇ ਗੈਪ ਦੇ ਬਾਵਜੂਦ ਕੈਨੇਡਾ ਦਾ ਸਟਡੀ ਵੀਜ਼ਾ ਲਗਵਾਇਆ। ਲਵਪ੍ਰੀਤ ਸਿੰਘ ਵਾਸੀ ਮਾਛੀਕੇ ਨੇ ਸਟਾਫ਼ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਸਟਾਫ ਦੀ ਅਣਥੱਕ ਮਿਹਨਤ ਸਦਕਾ ਹੀ ਮੇਰਾ ਕੈਨੇਡਾ ਦਾ ਸਟੱਡੀ ਵੀਜ਼ਾ ਲੱਗਿਆ ਹੈ। ਐਮ ਡੀ ਯੋਗੇਸ਼ ਗੋਇਲ ਅਤੇ ਗਗਨਦੀਪ ਨੇ ਵਿਦਿਆਰਥੀ ਲਵਪ੍ਰੀਤ ਸਿੰਘ ਅਤੇ ਉਨ੍ਹਾਂ ਦੇ ਪਰਵਾਰ ਨੂੰ ਵਧਾਈ ਦਿੱਤੀ ਅਤੇ ਉਸ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ ।

ਵਿਦਿਆਰਥੀਆਂ ਨਾਲ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਖੰਨਾ, ਝਿੰਜਰ, ਚਨਾਰਥਲ

ਸ਼੍ਰੋਮਣੀ ਅਕਾਲੀ ਦਲ ਦੇਸ਼ ਭਗਤ 'ਵਰਸਿਟੀ ਖਿਲਾਫ ਵਿਦਿਆਰਥੀ ਹੱਕਾਂ ਲਈ ਡਟਿਆ

ਅਮਲੋਹ, (ਲਖਵੀਰ ਸਿੰਘ)-ਦੇਸ਼ ਭਗਤ ਯੂਨੀਵਰਸਿਟੀ ਅਮਲੋਹ ਵੱਲੋਂ ਮੈਡੀਕਲ ਦੀ ਪੜ੍ਹਾਈ ਕਰ ਰਹੇ ਵੱਡੀ ਪੱਧਰ 'ਤੇ ਵਿਦਿਆਰਥੀਆਂ ਨਾਲ ਮੈਨੇਜਮੈਂਟ ਵੱਲੋਂ ਜਾਲ੍ਹੀ ਡਿਗਰੀਆਂ ਦੇਣ ਦੇ ਮਾਮਲੇ 'ਤੇ ਜਿੱਥੇ ਵਿਦਿਆਰਥੀਆਂ ਵੱਲੋਂ ਪਿਛਲੇ ਦਿਨਾਂ ਤੋਂ ਯੂਨੀਵਰਸਿਟੀ ਪ੍ਰਸ਼ਾਸਨ ਖਿਲਾਫ ਧਰਨਾ ਦਿੱਤਾ ਜਾ ਰਿਹਾ ਹੈ, ਉਥੇ ਅੱਜ ਵਿਦਿਆਰਥੀਆਂ ਦੇ ਹੱਕਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਰਾਜੂ ਖੰਨਾ, ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਜ਼ਿਲ੍ਹਾ ਪ੍ਰਧਾਨ ਸ਼ਰਨਜੀਤ ਸਿੰਘ ਚਨਾਰਥਲ ਵੱਲੋਂ ਵੱਡੀ ਗਿਣਤੀ 'ਚ ਹਲਕਾ ਅਮਲੋਹ ਦੀ ਸੀਨੀਅਰ ਲੀਡਰਸ਼ਿਪ, ਯੂਥ ਨੌਜਵਾਨਾਂ ਤੇ ਐੱਸ ਓ ਆਈ ਜਥੇਬੰਦੀ ਦੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਵਿਦਿਆਰਥੀਆਂ ਨੂੰ ਇਨਸਾਫ ਦਿਵਾਉਣ ਲਈ ਧਰਨੇ ਵਿੱਚ ਸ਼ਾਮਲ ਹੋ ਕੇ ਵੱਡਾ ਸਮੱਰਥਨ ਦਿੱਤਾ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਕਿਹਾ ਕਿ ਇਸ ਯੂਨੀਵਰਸਿਟੀ ਵੱਲੋਂ, ਜੋ ਜਾਲ੍ਹੀ ਡਿਗਰੀਆਂ ਵਿਦਿਆਰਥੀਆਂ ਨੂੰ ਦਿੱਤੀਆਂ ਜਾ ਰਹੀਆਂ ਹਨ, ਉਹ ਮੈਡੀਕਲ ਕਰ ਰਹੇ ਨੌਜਵਾਨਾਂ ਦੇ ਭਵਿੱਖ ਨਾਲ ਵੱਡਾ ਖਿਲਵਾੜ ਹੈ, ਜਿਸ ਨੂੰ ਸ਼੍ਰੋਮਣੀ ਅਕਾਲੀ ਦਲ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ। ਰਾਜੂ ਖੰਨਾ ਨੇ ਕਿਹਾ ਕਿ ਜਿੱਥੇ ਇਸ ਮੈਡੀਕਲ ਦੀ ਪੜ੍ਹਾਈ ਲਈ ਇਨ੍ਹਾਂ ਵਿਦਿਆਰਥੀਆਂ ਵੱਲੋਂ ਲੱਖਾਂ ਰੁਪਏ ਖਰਚ ਕੀਤੇ ਗਏ ਹਨ, ਉਥੇ ਚਾਰ-ਚਾਰ ਸਾਲ ਪੜ੍ਹਾਈ ਵਿੱਚ ਵੀ ਲਗਾਏ ਗਏ ਹਨ, ਪਰ ਹੁਣ ਉਨ੍ਹਾਂ ਨੂੰ ਜਾਲ੍ਹੀ ਡਿਗਰੀਆਂ ਦੇਣ ਦੀ ਗੱਲ ਕਰੀ ਜਾ ਰਹੀ ਸੀ, ਜਿਸ ਨੂੰ ਲੈ ਕੇ ਜੰਮੂ-ਕਸ਼ਮੀਰ, ਹਰਿਆਣਾ, ਹਿਮਾਚਲ, ਰਾਜਸਥਾਨ ਤੇ ਹੋਰਨਾਂ ਸੂਬਿਆਂ ਦੇ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।

ਇਸ ਮੌਕੇ ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਕਿਹਾ ਕਿ ਇਸ ਯੂਨੀਵਰਸਿਟੀ ਵੱਲੋਂ ਹਰ ਸਾਲ ਕੋਈ ਨਾ ਕੋਈ ਘਪਲਾ ਕੀਤਾ ਜਾਂਦਾ ਹੈ। ਇਸ ਦਾ ਖਮਿਆਜ਼ਾ ਵਿਦਿਆਰਥੀਆਂ ਨੂੰ ਭੁਗਤਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਅੱਜ ਅਸੀਂ ਵਿਦਿਆਰਥੀਆਂ ਨਾਲ ਡੱਟ ਕੇ ਖੜੇ ਹਾਂ ਤੇ ਉਹ ਵਿਦਿਆਰਥੀਆਂ ਨੂੰ ਉਨ੍ਹਾਂ ਦਾ ਹੱਕ ਦਿਵਾ ਕੇ ਰਹਿਣਗੇ। ਇਸ ਮੌਕੇ ਰਾਜੂ ਖੰਨਾ ਵੱਲੋਂ ਯੂਨੀਵਰਸਿਟੀ ਦੀਆਂ ਪੀੜਤ ਵਿਦਿਆਰਥਣਾਂ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਫੋਨ 'ਤੇ ਗੱਲਬਾਤ ਵੀ ਕਰਵਾਈ ਗਈ। ਜ਼ਿਲ੍ਹਾ ਪ੍ਰਧਾਨ ਸ਼ਰਨਜੀਤ ਸਿੰਘ ਚਨਾਰਥਲ ਨੇ ਜ਼ਿਲ੍ਹੇ ਦੇ ਸਮੁੱਚੇ ਅਕਾਲੀ ਵਰਕਰਾਂ ਤੇ ਆਗੂਆਂ ਨੂੰ ਵੱਡੀ ਗਿਣਤੀ ਵਿੱਚ ਪੁੱਜ ਕੇ ਵਿਦਿਆਰਥੀਆਂ ਦੀ ਹਮਾਇਤ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਗੁਰਪ੍ਰੀਤ ਸਿੰਘ ਰਾਜੂ ਖੰਨਾ, ਸਰਬਜੀਤ ਸਿੰਘ ਝਿੰਜਰ, ਸਰਨਜੀਤ ਸਿੰਘ ਚਨਾਰਥਲ, ਕੰਵਲਜੀਤ ਸਿੰਘ ਗਿੱਲ ਵੱਲੋਂ ਵਿਦਿਆਰਥੀਆਂ ਦੇ ਵਫਦ ਨੂੰ ਨਾਲ ਲੈ ਕੇ ਪ੍ਰਸ਼ਾਸਨਕ ਅਧਿਕਾਰੀਆਂ ਨਾਲ ਗੱਲਬ

17-Sep-PAGE-3-Majha-2023.qxd 9/16/2023 10:49 PM Page 1

ਅਟਾਰੀ 'ਚ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਵਿਸ਼ਾਲ ਚੇਤਨਾ ਕਨਵੈਨਸ਼ਨ

ਦਿੱਲੀ ਮੋਰਚੇ ਦੇ ਸ਼ਹੀਦ ਕਿਸਾਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪੰਜਾਬ ਭਰ ਦੇ ਸੈਂਕੜੇ ਪਿੰਡਾਂ ਤੇ ਸ਼ਹਿਰਾਂ ਵਿੱਚ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਸ਼ੁਰੂ ਕੀਤੀ ਚੇਤਨਾ ਕਨਵੈਨਸ਼ਨਾਂ ਦੀ ਲੜੀ ਤਹਿਤ ਅਟਾਰੀ ਵਿਖੇ ਅੱਜ ਆਰਪੀਐਮਆਈ ਨੇ ਸੰਯੁਕਤ ਕਿਸਾਨ ਮੋਰਚਾ, ਜਮਹੂਰੀ ਕਿਸਾਨ ਸਭਾ ਤੇ ਬਾਰਡਰ ਏਰੀਆ ਸੰਘਰਸ਼ ਕਮੇਟੀ ਦੇ ਵਰਕਰਾਂ ਦੇ ਸਹਿਯੋਗ ਨਾਲ 40 ਤੋਂ ਵਧੇਰੇ ਪਿੰਡਾਂ ਵਿੱਚ 'ਕਾਰਪੋਰੇਟ ਭਜਾਓ ਮੋਦੀ ਹਰਾਓ' ਪ੍ਰਮੁੱਖ ਨਾਅਰੇ ਦਾ ਪ੍ਰਚਾਰ ਕਰਦਿਆਂ ਝੰਡਾ ਮਾਰਚ ਕਰਕੇ ਅਟਾਰੀ-ਵਾਹਗਾ ਸਰਹੱਦ ਰਸਤੇ ਸਮੂਹ ਖੇਤੀ ਵਸਤਾਂ ਫ਼ਲ, ਸਬਜ਼ੀਆਂ, ਪਸ਼ੂਧਨ ਤੇ ਅਨਾਜ ਆਦਿ ਲਈ ਭਾਰਤ-ਪਾਕਿਸਤਾਨ ਵਪਾਰ ਸ਼ੁਰੂ ਕਰਨ, ਬਾਸਮਤੀ 'ਤੇ ਲਾਈਆਂ ਬੇਲੋੜੀਆਂ ਪਾਬੰਦੀਆਂ ਖਤਮ ਕਰਨ, ਐਮਐਸਪੀ ਦਿੱਲੀ ਮੋਰਚੇ ਦੇ ਉੱਠਣ ਸਮੇਂ ਮੋਦੀ ਸਰਕਾਰ ਵੱਲੋਂ ਕੀਤੇ ਵਾਅਦੇ ਪੂਰੇ ਕਰਨ, ਫ਼ਸਲੀ ਕਰਜ਼ਿਆਂ 'ਤੇ ਲੀਕ ਮਾਰਨ, ਫ਼ਸਲੀ ਬੀਮਾ ਲਾਗੂ ਕਰਨ, ਮਨਰੇਗਾ ਦਿਹਾੜੀ 'ਤੇ ਬਜਟ ਵਿੱਚ ਵਾਧਾ ਕਰਨ, ਕੰਡਿਆਲੀ ਤਾਰ ਤੋਂ ਪਾਰ ਜ਼ਮੀਨਾਂ ਦੀਆਂ ਦੋ ਸਾਲ ਦੀਆਂ ਕਿਸ਼ਤਾਂ ਅਦਾ ਕਰਨ, ਪਿੰਡ ਧਨੋਏ ਕਲਾਂ ਦਾ 34 ਲੱਖ 14-15 ਦਾ ਮੁਆਵਜ਼ਾ ਦੇਣ ਅਤੇ ਕੰਡਿਆਲੀ ਤਾਰ ਤੋਂ ਪਾਰਜ਼ਮੀਨ 'ਤੇ ਜ਼ਬਰੀ ਕਬਜ਼ਿਆਂ ਦਾ ਕੇਂਦਰ ਸਰਕਾਰ ਤੋਂ ਮੁਆਵਜ਼ਾ ਦੇਣ ਦੀ ਮੰਗ ਕੀਤੀ। ਕਨਵੈਨਸ਼ਨ ਦੇ ਦੋ ਮੁੱਖ ਬੁਲਾਰਿਆਂ ਡਾ. ਸਤਨਾਮ ਸਿੰਘ ਅਜਨਾਲਾ ਮੈਂਬਰ ਸਕੱਤਰੇਤ ਤੇ ਪ੍ਰਧਾਨ ਜਮਹੂਰੀ ਕਿਸਾਨ ਸਭਾ ਅਤੇ ਡਾ. ਸ਼ਰਨਜੀਤ ਸਿੰਘ ਢਿੱਲੋਂ ਸਾਬਕਾ ਰਜਿਸਟਰਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਮੋਦੀ ਸਰਕਾਰ ਦੇ ਝੂਠ ਦੇ ਪਰਦੇ ਚੁੱਕਦਿਆਂ ਆਗੂਆਂ ਨੇ ਕਿਹਾ ਕਿ ਜਦੋਂ ਦੀ ਇਹ ਸਰਕਾਰ ਕੇਂਦਰ ਵਿੱਚ ਆਈ ਹੈ, ਉਸ ਸਮੇਂ ਤੋਂ ਕਿਸਾਨਾਂ ਤੇ ਮਜ਼ਦੂਰਾਂ ਦੀ ਹਾਲਤ ਪਤਲੀ ਹੋਈ ਹੈ ਅਤੇ ਘੱਟ ਗਿਣਤੀਆਂ, ਪੱਤਰਕਾਰਾਂ, ਦਲਿਤਾਂ ਅਤੇ ਔਰਤਾਂ 'ਤੇ ਹਮਲੇ ਤੇਜ਼ ਹੋਏ ਹਨ। ਦੋਵਾਂ ਮੁੱਖ ਬੁਲਾਰਿਆਂ ਨੇ ਮੋਦੀ ਸਰਕਾਰ ਨੂੰ ਚਲਦਾ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਾਰਪੋਰੇਟਾਂ ਨੂੰ ਪੂਰੇ ਗੱਫੇ ਦੇ ਰਹੀ ਹੈ। ਇਸ ਮੌਕੇ ਰਤਨ ਸਿੰਘ ਰੰਧਾਵਾ, ਸ਼ਰਨਜੀਤ ਸਿੰਘ ਧਨੋਏ, ਮਨਜੀਤ ਸਿੰਘ ਖਾਸਾ, ਸਰਪੰਚ ਰਾਜਿੰਦਰ ਸਿੰਘ, ਗੁਰਨਾਮ ਸਿੰਘ ਦਾਉਕੇ ਆਦਿ ਨੇ ਵੀ ਕਨਵੈਨਸ਼ਨ ਨੂੰ ਸੰਬੋਧਨ ਕੀਤਾ।

ਚੇਤਨਾ ਕਨਵੈਨਸ਼ਨ ਦੇ ਅਖੀਰ ਵਿੱਚ ਦਿੱਲੀ ਮੋਰਚੇ ਦੇ ਸ਼ਹੀਦ ਕਿਸਾਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਅਟਾਰੀ ਵਿਖੇ ਬਾਬਾ ਅਰਜਨ ਸਿੰਘ ਸਰਪੰਚ, ਮੁਖਤਾਰ ਸਿੰਘ ਮੁਹਾਵਾ, ਸੁੱਖ ਹੁੰਦਲ, ਬਲਦੇਵ ਸਿੰਘ ਧਾਰੀਵਾਲ, ਬੂਟਾ ਸਿੰਘ ਮੋਦੇ ਤੇ ਨਿਰਮਲ ਸਿੰਘ ਮੋਦੇ ਦੀ ਪ੍ਰਧਾਨਗੀ ਹੇਠ ਵਿਸ਼ਾਲ ਚੇਤਨਾ ਕਨਵੈਨਸ਼ਨ ਦੀ ਸਮਾਪਤੀ ਉਪਰੰਤ ਸੰਗਠਿਤ ਚੌਂਕ ਪੋਸਟ ਵਿਖੇ ਡਿਪਟੀ ਕਮਿਸ਼ਨਰ ਕਸਟਮ ਵਰੁਣ ਸਿੰਗਲਾ ਨੂੰ ਕੇਂਦਰ ਸਰਕਾਰ ਲਈ ਮੰਗ-ਪੱਤਰ ਦਿੱਤਾ ਗਿਆ।

ਸੱਪ ਦੇ ਡੰਗਣ ਨਾਲ ਮਜ਼ਦੂਰ ਦੀ ਮੌਤ

ਕਲਾਨੌਰ (ਮਨਦੀਪ ਕੁਮਾਰ)-ਬੀਤੇ ਕੱਲ ਕਸਬਾ ਕਲਾਨੌਰ ਨਜ਼ਦੀਕ ਪੈਂਦੇ ਪਿੰਡ ਦਰਗਾਬਾਦ ਦੇ ਖੇਤ ਮਜ਼ਦੂਰ ਵਿੱਕਾ ਮਸੀਹ (31) ਦੀ ਝੋਨੇ ਨੂੰ ਪਾਣੀ ਲਗਾਉਂਦੇ ਸਮੇਂ ਜ਼ਹਿਰੀਲੇ ਸੱਪ ਦੇ ਕੱਟਣ ਨਾਲ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਰਿੰਦਰ ਪਾਲ ਲੱਕੀ ਤੇ ਬੀਰ ਮਸੀਹ ਵਾਸੀ ਦਰਗਾਬਾਦ ਨੇ ਦੱਸਿਆ ਕਿ ਵਿੱਕਾ ਮਸੀਹ ਵਲੋਂ ਪਿੰਡ ਦੌਲੋਵਾਲ ਦੇ ਕਿਸਾਨ ਦੀਦਾਰ ਸਿੰਘ ਦਾ ਝੋਨਾ ਹਿੱਸੇ 'ਤੇ ਲਗਾਇਆ ਹੋਇਆ ਸੀ ਅਤੇ ਸ਼ਾਮ ਵੇਲੇ ਵਿੱਕਾ ਝੋਨੇ ਦੇ ਖੇਤਾਂ ਨੂੰ ਪਾਣੀ ਲਗਾਉਣ ਲਈ ਘਰੋਂ ਗਿਆ ਸੀ। ਜਦੋਂ ਉਹ ਖੇਤਾਂ ਨੂੰ ਪਾਣੀ ਲਗਾ ਰਿਹਾ ਸੀ ਤਾਂ ਕਿਸੇ ਜ਼ਹਿਰੀਲੇ ਸੱਪ ਨੇ ਡੰਗ ਲਿਆ ਜਿਸ ਨੂੰ ਤੁਰੰਤ ਕਮਿਊਨਿਟੀ ਸਿਹਤ ਕੇਂਦਰ ਕਲਾਨੌਰ ਵਿਖੇ ਵੀ ਲਿਜਾਇਆ ਗਿਆ ਪਰੰਤੂ ਉਸ ਸਮੇਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ।

ਇਸ ਸਬੰਧੀ ਸਿਹਤ ਵਿਭਾਗ ਦੇ ਡਾਕਟਰ ਵੱਲੋਂ ਵਿੱਕਾ ਮਸੀਹ ਦਾ ਪੋਸਟਮਾਰਟਮ ਕਰਨ ਸਬੰਧੀ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ। ਮ੍ਰਿਤਕ ਦੇ ਪਿਤਾ ਬੀਰ ਮਸੀਹ ਨੇ ਦੱਸਿਆ ਕਿ ਉਸ ਦਾ ਪੁੱਤਰ ਖੇਤਾਂ ਵਿੱਚ ਮਜ਼ਦੂਰੀ ਕਰਕੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਰਿਹਾ ਸੀ। ਇਸ ਤੋਂ ਇਲਾਵਾ ਸੱਪ ਦੇ ਕੱਟਣ 'ਤੇ ਹਰਜਿੰਦਰ ਸਿੰਘ ਅਤੇ ਮਨਜੀਤ ਸਿੰਘ ਸਮਰਾਏ ਨੂੰ ਵੀ ਇਲਾਜ ਲਈ ਕਲਾਨੌਰ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਜਿੱਥੇ ਐਂਟੀ ਸਨੈਕ ਵੈਕਸੀਨ ਦਾ ਪ੍ਰਯੋਗ ਕਰਕੇ ਸੱਪ ਦੇ ਜ਼ਹਿਰ ਨੂੰ ਬੇਅਸਰ ਕੀਤਾ ਗਿਆ।

ਨਿੱਜੀ ਸਕੂਲ ਦੀ ਬੱਸ ਪਲਟੀ, ਕਰੀਬ 12 ਬੱਚੇ ਜ਼ਖਮੀ; 2 ਦੀ ਹਾਲਤ ਗੰਭੀਰ

ਡੇਰਾ ਬਾਬਾ ਨਾਨਕ 16 ਸਤੰਬਰ (ਰਮੇਸ਼ ਸ਼ਰਮਾ)-ਅੱਜ ਡੇਰਾ ਬਾਬਾ ਨਾਨਕ ਵਿੱਚ ਨਿੱਜੀ ਸਕੂਲ ਦੀ ਬੱਸ ਪਲਟਣ ਨਾਲ ਕਰੀਬ 12 ਬੱਚੇ ਜ਼ਖਮੀ ਹੋਏ ਹਨ ਜਦਕਿ ਦੋ ਬੱਚਿਆਂ ਦੀ ਹਾਲਤ ਨੂੰ ਗੰਭੀਰ ਹੁੰਦਾ ਦੇਖ ਉਨ੍ਹਾਂ ਨੂੰ ਬਟਾਲਾ ਸਿਵਲ ਹਸਪਤਾਲ ਲਈ ਰੈਫਰ ਕਰ ਦਿੱਤਾ ਗਿਆ। ਰਸਤੇ ਵਿੱਚ ਲੰਘ ਰਹੇ ਰਾਹਗੀਰਾਂ ਵਲੋਂ ਸਕੂਲ ਬੱਸ ਦੇ ਅਗਲੇ ਅਤੇ ਪਿਛਲੇ ਸ਼ੀਸ਼ੇ ਤੋੜ ਕੇ ਬੱਚਿਆਂ ਨੂੰ ਬਾਹਰ ਕੱਢਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੇਰਾ ਬਾਬਾ ਨਾਨਕ ਦੇ ਇੱਕ ਨਿੱਜੀ ਹਸਪਤਾਲ ਦੇ ਕਰਮਚਾਰੀ ਨੇ ਦੱਸਿਆ ਕਿ ਉਨ੍ਹਾਂ ਦੇ ਹਸਪਤਾਲ ਦੇ ਵਿੱਚ ਬੱਸ ਪਲਟਣ ਨਾਲ ਕਰੀਬ 12 ਬੱਚੇ ਚਾਕਾਂਵਾਲੀ ਸਕੂਲ ਮੈਨੇਜਮੈਂਟ ਵੱਲੋਂ ਦਾਖਲ ਕਰਵਾਏ ਗਏ ਸਨ ਜਿਨ੍ਹਾਂ ਵਿਚੋਂ ਦੋ ਬੱਚਿਆਂ ਦੀ ਹਾਲਤ ਨੂੰ ਗੰਭੀਰ ਹੁੰਦਿਆਂ ਦੇਖ ਬਟਾਲਾ ਸਿਵਲ ਹਸਪਤਾਲ ਲਈ ਰੈਫਰ ਕਰ ਦਿੱਤਾ ਹੈ ਜਦਕਿ ਬਾਕੀ ਰਹਿੰਦੇ ਬੱਚਿਆਂ ਨੂੰ ਫਸਟ ਏਡ ਦੇ ਕੇ ਉਨ੍ਹਾਂ ਨੂੰ ਆਪਣੇ ਘਰਾਂ ਨੂੰ ਭੇਜ ਦਿੱਤਾ ਗਿਆ। ਇਸ ਮੌਕੇ ਪੀੜਤ ਬੱਚਿਆਂ ਦੇ ਪਰਿਵਾਰਕ ਮੈਂਬਰਾਂ ਕੁਲਵੰਤ ਕੌਰ, ਹਰਵਿੰਦਰ ਸਿੰਘ ਆਦਿ ਨੇ ਦੱਸਿਆ ਕਿ ਇਹ ਸਕੂਲ ਬੱਸ ਪਿੰਡ ਮੰਗਿਆ, ਧਰਮਕੋਟ ਰੰਧਾਵਾ, ਪੱਲੇ ਨੰਗਲ ਵੈਰੋਕੇ ਆਦਿ ਪਿੰਡਾਂ ਵਿਚੋਂ ਕਰੀਬ 42 ਬੱਚੇ ਹਰ ਰੋਜ਼ ਘਰ ਤੋਂ ਸਕੂਲ ਅਤੇ ਸਕੂਲ ਤੋਂ ਘਰ ਛੱਡ ਕੇ ਜਾਂਦੀ ਸੀ। ਉਨ੍ਹਾਂ ਕਿਹਾ ਕਿ ਜੋ ਅੱਜ ਹਾਦਸਾ ਹੋਇਆ ਹੈ ਉਹ ਸਕੂਲ ਮੈਨੇਜਮੈਂਟ ਦੀ ਲਾਪਰਵਾਹੀ ਕਾਰਨ ਹੋਇਆ ਹੈ ਕਿਉਂਕਿ ਇਸ ਬੱਸ ਡਰਾਈਵਰ ਦੀਆਂ ਸਕੂਲ ਮੈਨੇਜਮੈਂਟ ਨੂੰ ਕਈ ਵਾਰ ਸ਼ਿਕਾਇਤਾਂ ਦਿੱਤੀਆਂ ਗਈਆਂ ਸਨ ਕਿ ਇਸ ਡਰਾਈਵਰ ਦੀ ਚਲਾਉਣੀ ਸਹੀ ਨਹੀਂ ਹੈ ਤੇ ਨਾ ਹੀ ਸਕੂਲ ਮੈਨੇਜਮੈਂਟ ਵੱਲੋਂ ਬੱਸ ਦੇ ਨਾਲ ਕੋਈ ਹੈਲਪਰ ਰੱਖਿਆ ਹੋਇਆ ਸੀ। ਉਨ੍ਹਾਂ ਦੱਸਿਆ ਕਿ ਜੇ ਸਕੂਲ ਮੈਨੇਜਮੈਂਟ ਨੇ ਬੱਚਿਆਂ ਦੇ ਮਾਤਾ-ਪਿਤਾ ਦੀਆਂ ਸ਼ਿਕਾਇਤਾਂ ਤੇ ਗੌਰ ਕੀਤਾ ਹੁੰਦਾ ਤਾਂ ਅੱਜ ਇਹ ਹਾਦਸਾ ਨਹੀਂ ਵਾਪਰਨਾ ਸੀ। ਪੀੜਤ ਬੱਚਿਆਂ ਦੇ ਪਰਿਵਾਰਕ ਮੈਂਬਰਾਂ ਨੇ ਸਕੂਲ ਮੈਨੇਜਮੈਂਟ ਅਤੇ ਉਕਤ ਡਰਾਈਵਰ ਦੇ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਜ਼ਖਮੀ ਹਾਲਤ ਵਿੱਚ ਜ਼ੇਰੇ ਇਲਾਜ ਛੋਟੀ ਬੱਚੀ ਨੇ ਦੱਸਿਆ ਕਿ ਜਦ ਇਹ ਹਾਦਸਾ ਵਾਪਰਿਆ ਉਸ ਸਮੇਂ ਡਰਾਇਵਰ ਮੋਬਾਇਲ ਚਲਾ ਰਿਹਾ ਸੀ ਤੇ ਇੱਕਦਮ ਗੱਡੀ ਦਾ ਸੰਤੁਲਨ ਵਿਗੜਨ ਨਾਲ ਬਣ ਰਹੇ ਹਾਈਵੇ 'ਤੇ ਪਲਟ ਗਈ। ਇਸ ਸੰਬੰਧੀ ਜਦੋਂ ਅਸੀਂ ਸੁਖਮਨੀ ਪਬਲਿਕ ਸਕੂਲ ਚਾਕਾਂਵਾਲੀ ਦੀ ਪ੍ਰਿੰਸੀਪਲ ਰਜਨੀ ਬਾਲਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਾਨੂੰ ਪਤਾ ਲੱਗਾ ਸੀ ਕਿ ਸਾਡੇ ਸਕੂਲ ਦੀ ਬੱਸ ਸਕੂਲ ਦੇ ਨੇੜੇ ਬਲ ਰਹੇ ਨੈਸ਼ਨਲ ਹਾਈਵੇ 'ਤੇ ਪਲਟੀ ਹੈ ਤਾਂ ਸਾਡੇ ਵੱਲੋਂ ਤੁਰੰਤ ਬੱਚਿਆਂ ਨੂੰ ਫਸਟ ਏਡ ਲਈ ਡੇਰਾ ਬਾਬਾ ਨਾਨਕ ਦੇ ਨਿੱਜੀ ਹਸਪਤਾਲ ਵਿੱਚ ਲਿਜਾਇਆ ਗਿਆ ਜਿੱਥੇ ਕੁਝ ਬੱਚਿਆਂ ਨੂੰ ਮਮੂਲੀ ਸੱਟਾਂ ਲੱਗੀਆਂ ਹਨ ਤੇ ਜਿਹੜੇ ਗੰਭੀਰ ਬੱਚੇ ਜ਼ਖਮੀ ਸਨ ਉਨ੍ਹਾਂ ਨੂੰ ਸਕੂਲ ਮੈਨੇਜਮੈਂਟ ਵੱਲੋਂ ਬਟਾਲੇ ਇਲਾਜ ਲਈ ਭੇਜਿਆ ਗਿਆ ਹੈ। ਜਦੋਂ ਸਾਡੇ ਵੱਲੋਂ ਬੱਚਿਆਂ ਦੇ ਮਾਤਾ-ਪਿਤਾ ਵੱਲੋਂ ਡਰਾਈਵਰ ਦੇ ਸਬੰਧ ਵਿੱਚ ਦਿੱਤੀਆਂ ਸ਼ਿਕਾਇਤਾਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਦੱਸਿਆ ਕਿ ਇਸ ਹਾਦਸੇ ਦੀ ਛਾਣਬੀਨ ਕੀਤੀ ਜਾਵੇਗੀ। ਅਗਰ ਡਰਾਈਵਰ ਦੋਸ਼ੀ ਪਾਇਆ ਗਿਆ ਤਾਂ ਉਸ ਉੱਪਰ ਕਾਨੂੰਨੀ ਕਾਰਵਾਈ ਕਰਵਾਈ ਜਾਵੇਗੀ। ਹੁਣ ਦੇਖਣਾ ਇਹ ਹੋਵੇਗਾ ਕਿ ਖਬਰ ਪ੍ਰਕਾਸ਼ਤ ਕਰਨ ਤੋਂ ਬਾਅਦ ਸਬੰਧਤ ਟਰਾਂਸਪੋਰਟ ਵਿਭਾਗ ਅਤੇ ਪ੍ਰਸ਼ਾਸਨਿਕ ਅਧਿਕਾਰੀ ਕੀ ਕਾਰਵਾਈ ਅਮਲ ਵਿੱਚ ਲਿਆਉਂਦੇ ਹਨ।

ਡੀਐੱਸਪੀ ਮਜੀਠਾ ਵੱਲੋਂ ਗਰੀਬ ਲੜਕੀ ਦੇ ਵਿਆਹ 'ਤੇ 21 ਹਜ਼ਾਰ ਸ਼ਗਨ

ਮਜੀਠਾ (ਸੋਇਮ ਆਨੰਦ)-ਡੀਐੱਸਪੀ ਮਜੀਠਾ ਕਵਲਪ੍ਰੀਤ ਸਿੰਘ ਨੇ ਉਪ ਕਪਤਾਨ ਦਫਤਰ ਵਿਖੇ ਸਫਾਈ ਸੇਵਕ ਦੀ ਸੇਵਾ ਨਿਭਾ ਰਹੇ ਬਲਕਾਰ ਸਿੰਘ ਦੀ ਸਪੁੱਤਰੀ ਦੇ ਵਿਆਹ 'ਤੇ 21 ਹਜ਼ਾਰ ਰੁਪਏ ਸ਼ਗਨ ਵਜੋਂ ਦਿੱਤੇ। ਇਸ ਮੌਕੇ ਡੀਐੱਸਪੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਗੁਰੂ ਸਾਹਿਬਾਨ ਵੱਲੋਂ ਦੱਸੇ ਉਪਦੇਸ਼ 'ਗਰੀਬ ਦੀ ਮਦਦ ਗੁਰੂ ਕੀ ਗੋਲਕ' ਅਨੁਸਾਰ ਲੋੜਵੰਦ ਲੋਕਾਂ ਦੀ ਮਦਦ ਲਈ ਆਪਣੀ ਕਮਾਈ ਵਿਚੋਂ ਕੁਝ ਨਾ ਕੁਝ ਹਿੱਸਾ ਜ਼ਰੂਰ ਕੱਢਣਾ ਚਾਹੀਦਾ ਹੈ। ਇਸ ਮੌਕੇ ਡੀਐੱਸਪੀ ਦੇ ਰੀਡਰ ਰਾਜਪਾਲ ਸਿੰਘ, ਹਰਜੀਤ ਸਿੰਘ, ਕੰਵਰਬੀਰ ਸਿੰਘ, ਗੁਰਵਿੰਦਰ ਸਿੰਘ ਬੱਲ, ਜਤਿੰਦਰ ਕੁਮਾਰ, ਕੁਲਵੰਤ ਸਿੰਘ, ਬਲਵਿੰਦਰ ਸਿੰਘ, ਗੁਲਜ਼ਾਰ ਮਸੀਹ, ਨਰਿੰਦਰ ਸਿੰਘ, ਅੰਮ੍ਰਿਤਪਾਲ ਸਿੰਘ ਆਦਿ ਵੀ ਹਾਜ਼ਰ ਸਨ।

'ਡੇਂਗੂ 'ਤੇ ਵਾਰ' ਪ੍ਰੋਗਰਾਮ ਤਹਿਤ ਡਰਾਈ ਡੇਅ ਮਨਾਇਆ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਐਪੀਡਿਮਾਲੋਜਿਸਟ ਡਾ. ਪ੍ਰਭਜੋਤ ਕੌਰ ਦੀ ਰਹਿਨੁਮਾਈ ਹੇਠ ਸਿਹਤ ਵਿਭਾਗ ਦੀ ਟੀਮ ਵੱਲੋਂ ਅੱਜ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਬਰਿਆਰ ਵਿਖੇ 'ਡੇਂਗੂ 'ਤੇ ਵਾਰ' ਦੇ ਨਾਅਰੇ ਅਨੁਸਾਰ ਡਰਾਈ ਡੇਅ ਮਨਾਇਆ ਗਿਆ। ਇਸ ਮੌਕੇ ਮੈਡੀਕਲ ਅਫਸਰ ਡਾ. ਮਮਤਾ ਵਾਸੁਦੇਵ, ਏ. ਐੱਮ. ਓ. ਸ਼ਿਵ ਚਰਨ, ਬਲਾਕ ਰਣਜੀਤ ਬਾਗ ਦੇ ਹੈਲਥ ਵਰਕਰ ਵੀ ਮੌਜੂਦ ਸਨ। ਸਿਹਤ ਵਿਭਾਗ ਦੀ ਟੀਮ ਵੱਲੋਂ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਵਿਖੇ ਜਿੰਨੀਆਂ ਵੀ ਬ੍ਰੀਡਿੰਗ ਸਾਈਟ ਸਨ ਉਨ੍ਹਾਂ ਨੂੰ ਚੈੱਕ ਕੀਤਾ ਗਿਆ। ਜਿਥੇ ਵੀ ਮੱਛਰਾਂ ਦਾ ਲਾਰਵਾ ਮਿਲਿਆ ਉਸਨੂੰ ਮੌਕੇ 'ਤੇ ਹੀ ਨਸ਼ਟ ਕੀਤਾ ਗਿਆ ਅਤੇ ਇਨਸੈਕਟੀਸਾਈਡ ਦੀ ਸਪਰੇ ਕੀਤੀ ਗਈ। ਉਥੇ ਮੌਜੂਦ ਇੰਸਟੀਚਿਊਟ ਦੇ ਸਾਰੇ ਸਟਾਫ, ਵਿਦਿਆਰਥੀਆਂ ਨੂੰ ਡੇਂਗੂ ਦੀ ਬੀਮਾਰੀ ਦੇ ਲੱਛਣਾਂ, ਬਚਾਅ ਅਤੇ ਰੋਕਥਾਮ ਸਬੰਧੀ ਜਾਣਕਾਰੀ ਦਿੱਤੀ ਗਈ। ਆਈ. ਈ. ਸੀ. ਗਤੀਵਿਧੀਆਂ ਅਧੀਨ ਪੰਫਲੇਟ ਵੀ ਵੰਡੇ ਗਏ।

ਚੋਰ ਘਰ 'ਚੋਂ 9 ਤੋਲੇ ਸੋਨਾ ਤੇ 70 ਹਜ਼ਾਰ ਨਗਦੀ ਲੈ ਕੇ ਫਰਾਰ

ਕਲਾਨੌਰ (ਮਨਦੀਪ ਕੁਮਾਰ)-ਕਸਬਾ ਕਲਾਨੌਰ ਦੀ ਬਾਬਾ ਕਾਰ ਕਲੋਨੀ 'ਚ ਬੀਤੀ ਰਾਤ ਚੋਰਾਂ ਵੱਲੋਂ ਇੱਕ ਘਰ 'ਚ ਵੜ ਕੇ ਅਲਮਾਰੀ ਵਿੱਚੋਂ 70 ਹਜ਼ਾਰ ਰੁਪਏ ਨਗਦ ਅਤੇ 9 ਤੋਲੇ ਸੋਨੇ ਦੇ ਗਹਿਣੇ ਲੈ ਕੇ ਫਰਾਰ ਹੋ ਗਿਆ। ਘਟਨਾ ਸਬੰਧੀ ਬਲਵਿੰਦਰ ਕੌਰ ਪਤੀ ਮੋਹਣ ਸਿੰਘ ਵਾਸੀ ਕਲਾਨੌਰ ਨੇ ਦੱਸਿਆ ਕਿ ਮੈਂ ਆਪਣੇ ਕਿਸੇ ਰਿਸ਼ਤੇਦਾਰ ਦੇ ਗਈ ਹੋਈ ਸੀ। ਸਵੇਰੇ ਘਰ ਆ ਕੇ ਦੇਖਿਆ ਤਾਂ ਚੋਰਾਂ ਵੱਲੋਂ ਇਸ ਘਟਨਾ ਨੂੰ ਅੰਜਾਮ ਦਿੱਤਾ ਹੋਇਆ ਸੀ। ਘਟਨਾ ਦੀ ਸੀਸੀਟੀਵੀ ਫੁਟੇਜ ਕੈਮਰੇ ਵਿੱਚ ਕੈਦ ਹੈ। ਦੂਜੀ ਚੋਰੀ ਕਲਾਨੌਰ ਗੁਰਦਾਸਪੁਰ ਰੋਡ 'ਤੇ ਬਾਬਾ ਕਾਰ ਜੀ ਸਟੇਡੀਅਮ ਦੇ ਸਾਹਮਣੇ ਕਾਹਲੋਂ ਮਾਰਬਲ ਦੇ ਸ਼ੋਅਰੂਮ 'ਚ ਹੋਈ। ਚੋਰ ਸ਼ਟਰ ਤੋੜ ਕੇ ਗੱਲੇ ਵਿੱਚ ਪਈ ਨਕਦੀ ਲੈ ਗਏ। ਘਟਨਾ ਸਬੰਧੀ ਜਦੋਂ ਕਲਾਨੌਰ ਦੇ ਐਸਐਚਓ ਮੇਜਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕਿ ਇਸ ਘਟਨਾ ਦੀ ਸੀਸੀਟੀਵੀ ਫੁਟੇਜ ਨੂੰ ਖੰਗਾਲਿਆ ਜਾ ਰਿਹਾ ਹੈ। ਜਿਹੜਾ ਵੀ ਵਿਅਕਤੀ ਇਸ ਘਟਨਾ ਵਿੱਚ ਦੋਸ਼ੀ ਪਾਇਆ ਗਿਆ ਉਸਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

2 ਅਕਤੂਬਰ ਤੱਕ ਹਰ ਸ਼ਨੀਵਾਰ ਲਗਾਏ ਜਾਣਗੇ ਸਿਹਤ ਮੇਲੇ: ਡੀ ਸੀ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਪੰਚਾਇਤ ਭਵਨ ਗੁਰਦਾਸਪੁਰ ਵਿਖੇ ਮੀਟਿੰਗ ਦੀ ਅਗਵਾਈ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਲੋਕਾਂ ਵਿਚ ਸਿਹਤ ਜਾਗਰੂਕਤਾ ਲਿਆਉਣ ਲਈ 2 ਅਕਤੂਬਰ ਤੱਕ ਵੱਖ-ਵੱਖ ਗਤੀਵਿਧੀਆਂ ਕਰਵ

17-SEP-PAGE-4.qxd 9/16/2023 10:44 PM Page 1

ਟੁੱਟੀ ਸੜਕ ਦੇ ਬਾਵਜੂਦ ਲਿਆ ਜਾ ਰਿਹਾ ਟੋਲ ਲੋਕਾਂ ਬੰਦ ਕਰਵਾਇਆ

ਹਾਈਵੇ ਅਥਾਰਟੀ, ਟੋਲ ਪਲਾਜ਼ਾ ਕਰਮਚਾਰੀਆਂ ਤੇ ਆਮ ਲੋਕਾਂ ਦੀ ਮੀਟਿੰਗ ਰਹੀ ਬੇਸਿੱਟਾ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) : ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ਦੇ ਟੋਲ ਪਲਾਜੇ ਨੂੰ ਪਾਤੜਾਂ ਤੇ ਆਸ-ਪਾਸ ਦੇ ਲੋਕਾਂ ਨੇ ਬੰਦ ਕਰਕੇ ਆਉਣ-ਜਾਣ ਵਾਲੇ ਵਾਹਨਾਂ ਨੂੰ ਬਿਨਾਂ ਪਰਚੀ ਤੋਂ ਲੰਘਾਇਆ ਜਾ ਰਿਹਾ ਹੈ। ਟੋਲ ਪਲਾਜ਼ਾ ਕੰਪਨੀ ਦੇ ਕਰਮਚਾਰੀਆਂ, ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਦੀ ਨਾਇਬ ਤਹਿਸੀਲਦਾਰ ਕਰਮਜੀਤ ਸਿੰਘ ਦੀ ਹਾਜ਼ਰੀ 'ਚ ਮੀਟਿੰਗ ਕੀਤੀ ਗਈ। ਲੰਬਾ ਸਮਾਂ ਚੱਲੀ ਮੀਟਿੰਗ ਵਿੱਚ ਕੋਈ ਹੱਲ ਨਹੀਂ ਨਿੱਕਲਿਆ।

ਆਪ ਦੇ ਆਗੂ ਕੁਲਦੀਪ ਸਿੰਘ ਥਿੰਦ, ਕੌਂਸਲਰ ਬਰਜਿੰਦਰ ਸਿੰਘ ਸੋਨੀ, ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਅੰਮ੍ਰਿਤ ਪਾਲ ਕਾਲੇਕਾ ਤੇ ਸਮਾਜ ਸੇਵਕ ਜੁਗਨੂ ਸੋਢੇ ਨੇ ਕਿਹਾ ਕਿ ਕੌਮੀ ਮੱਖ ਮਾਰਗ 'ਤੇ ਬੀਤੇ ਸਮੇਂ ਆਏ ਹੜ੍ਹ ਕਾਰਨ ਸੜਕ ਦੇ ਬਣੇ ਪੁਲ ਦਾ ਇੱਕ ਹਿੱਸਾ ਟੁੱਟ ਜਾਣ ਕਾਰਨ ਵਾਹਨ ਚਾਲਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕੋਈ ਪ੍ਰਬੰਧ ਨਾ ਹੋਣ ਕਾਰਨ ਦੋ ਵਿਅਕਤੀਆਂ ਦੀ ਮੌਤ ਵੀ ਹੋ ਚੁੱਕੀ ਹੈ। ਕੰਪਨੀ ਵੱਲੋਂ ਟੁੱਟੀ ਸੜਕ ਦੀ ਮੁਰੰਮਤ ਨਾ ਕਰਕੇ ਟੋਲ ਦੁੱਗਣਾ ਵਸੂਲਿਆ ਜਾ ਰਿਹਾ ਹੈ। ਟੋਲ ਕੰਪਨੀ ਨੂੰ ਸੜਕ ਠੀਕ ਹੋਣ ਤੱਕ ਟੋਲ ਨਾ ਲੈਣ ਦੀ ਅਪੀਲ ਕੀਤੀ ਗਈ ਹੈ, ਪ੍ਰੰਤੂ ਕੰਪਨੀ ਵੱਲੋਂ ਇਸ ਸਮੱਸਿਆ ਦੇ ਹੱਲ ਲਈ ਕੋਈ ਜਵਾਬ ਨਾ ਦੇਣ 'ਤੇ ਗੁੱਸੇ ਵਿੱਚ ਆਏ ਲੋਕਾਂ ਨੇ ਟੋਲ ਪਲਾਜ਼ੇ ਨੂੰ ਬੰਦ ਕਰ ਦਿੱਤਾ ਹੈ। ਸਾਰੇ ਵਾਹਨ ਚਾਲਕਾਂ ਨੂੰ ਬਿਨਾਂ ਪਰਚੀ ਕਟਵਾਏ ਲੰਘਾਇਆ ਜਾ ਰਿਹਾ ਹੈ। ਐੱਸ ਡੀ ਐੱਮ ਪਾਤੜਾਂ ਦੇ ਦਫਤਰ ਵਿੱਚ ਹਾਈਵੇ ਅਥਾਰਟੀ ਦੇ ਅਧਿਕਾਰੀਆਂ, ਟੋਲ ਪਲਾਜ਼ੇ ਦੇ ਕਰਮਚਾਰੀਆਂ ਤੇ ਇਲਾਕੇ ਦੇ ਲੋਕਾਂ ਦੀ ਹੋਈ ਮੀਟਿੰਗ ਵਿੱਚ ਕੋਈ ਵੀ ਹੱਲ ਨਹੀਂ ਨਿੱਕਲ ਸਕਿਆ ਹੈ। ਨਾਇਬ ਤਹਿਸੀਲਦਾਰ ਕਰਮਜੀਤ ਸਿੰਘ ਨੇ ਦੱਸਿਆ ਕਿ ਟੋਲ ਕੰਪਨੀ ਅਤੇ ਕੌਮੀ ਮਾਰਗ ਦੇ ਅਧਿਕਾਰੀਆਂ ਤੇ ਲੋਕਾਂ ਨਾਲ ਮੀਟਿੰਗ ਕਰਕੇ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਜਲਦੀ ਹੀ ਹੱਲ ਕਰ ਲਿਆ ਜਾਵੇਗਾ।

ਸੰਘਰਸ਼ ਕਮੇਟੀ ਵੱਲੋਂ ਸਰਕਾਰ ਨੂੰ ਅੱਜ ਤੱਕ ਦਾ ਅਲਟੀਮੇਟਮ

ਕੱਲ੍ਹ ਤੋਂ ਜਗਰਾਓਂ ਦੀਆਂ ਸੜਕਾਂ 'ਤੇ ਲੱਗੇਗਾ ਜਾਮ

ਹਠੂਰ (ਨਛੱਤਰ ਸੰਧੂ)-ਹਠੂਰ, ਲੱਖਾ, ਚਕਰ, ਮਾਣੂਕੇ ਸਮੇਤ ਆਸ-ਪਾਸ ਦੀਆਂ ਟੁੱਟੀਆਂ ਸੜਕਾਂ ਬਣਾਉਣ ਲਈ ਪਿਛਲੇ 36 ਦਿਨਾਂ ਤੋਂ ਅਣਮਿੱਥੇ ਸਮੇਂ ਲਈ ਸੰਘਰਸ਼ ਕਰ ਰਹੇ ਲੋਕਾਂ ਨੇ ਅੱਜ ਪ੍ਰਸ਼ਾਸਨਕ ਅਧਿਕਾਰੀਆਂ ਦੇ ਲਾਰੇ ਲੱਪੇ ਤੋਂ ਤੰਗ ਆ ਕੇ ਸੰਘਰਸ਼ ਕਮੇਟੀ ਵੱਲੋਂ ਇੱਕ ਜ਼ਰੂਰੀ ਮੀਟਿੰਗ ਕੀਤੀ ਗਈ, ਜਿਸ ਵਿੱਚ ਫੈਸਲਾ ਕੀਤਾ ਕਿ 15 ਸਤੰਬਰ ਪ੍ਰਸ਼ਾਸਨ ਵੱਲੋਂ ਦਿੱਤੀ ਗਈ ਸੀ, ਪਰ ਅੱਜ ਤੱਕ ਸੜਕਾਂ ਬਣਾਉਣ ਲਈ ਕੋਈ ਵੀ ਪ੍ਰਬੰਧ ਨਹੀਂ ਕੀਤੇ ਗਏ, ਹੁਣ 17 ਸਤੰਬਰ ਤੱਕ ਧਰਨਾ ਸਥਾਨ 'ਤੇ ਸ਼ਾਂਤਮਾਈ ਸੰਘਰਸ਼ ਜਾਰੀ ਰਹੇਗਾ, ਪਰ ਜੇਕਰ 17 ਸਤੰਬਰ ਤੱਕ ਕੋਈ ਅਧਿਕਾਰੀ ਸੜਕਾਂ ਬਣਾਉਣ ਲਈ ਲੋੜੀਂਦੇ ਪ੍ਰਬੰਧ ਨਹੀਂ ਕਰਦਾ ਤਾਂ ਮਜਬੂਰ ਹੋ ਕੇ ਸੰਘਰਸ਼ ਕਮੇਟੀ 18 ਨੂੰ ਸਖਤ ਫੈਸਲਾ ਲਾਵੇਗੀ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨਕ ਅਧਿਕਾਰੀਆਂ ਦੀ ਹੋਵੇਗੀ। ਅੱਜ ਦੇ ਬੁਲਾਰਿਆਂ ਵਿੱਚ ਜ਼ਿਲ੍ਹਾ ਪ੍ਰਧਾਨ ਮਾਸਟਰ ਮਹਿੰਦਰ ਸਿੰਘ ਕਮਾਲਪੁਰਾ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ, ਜ਼ਿਲ੍ਹਾ ਪ੍ਰਧਾਨ ਬੂਟਾ ਸਿੰਘ ਚਕਰ ਪੰਜਾਬ ਕਿਸਾਨ ਯੂਨੀਅਨ, ਚਮਕੌਰ ਸਿੰਘ ਕਮਾਲਪੁਰਾ, ਮਾਸਟਰ ਤਾਰਾ ਸਿੰਘ ਅੱਚਰਵਾਲ, ਅਵਤਾਰ ਸਿੰਘ ਰਸੂਲਪੁਰ, ਅਮਰਜੀਤ ਸਿੰਘ ਰਸੂਲਪੁਰ ਆਦਿ ਆਗੂਆਂ ਨੇ ਕਿਹਾ ਕਿ ਹੁਣ ਪ੍ਰਸ਼ਾਸਨ ਸਬਰ ਦੀ ਪਰਖ ਕਰਨ ਲੱਗਿਆ ਹੋਇਆ ਹੈ। ਇਸ ਮੌਕੇ ਪੰਚ ਜਸਵਿੰਦਰ ਸਿੰਘ ਸਿੱਧੂ, ਇੰਦਰਪਾਲ ਸਿੰਘ ਗਿੱਲ, ਦਲਵੀਰ ਸਿੰਘ ਬਰੁਜ ਕਲਾਰਾਂ, ਸੂਬੇਦਾਰ ਸੁਖਦੇਵ ਸਿੰਘ, ਮਨਜੀਤ ਸਿੰਘ ਬਿੱਟੂ ਗਵਾਲੀਅਰ, ਤੇਜ ਸਿੰਘ ਲੱਖਾ, ਪ੍ਰਧਾਨ ਸਾਧੂ ਸਿੰਘ ਲੱਖਾ, ਪ੍ਰਧਾਨ ਬਹਾਦਰ ਸਿੰਘ ਲੱਖਾ ਆਦਿ ਹਾਜ਼ਰ ਸਨ।

ਕੇਜਰੀਵਾਲ ਵੱਲੋਂ 'ਇੱਕ ਰਾਸ਼ਟਰ ਇੱਕ ਸਿੱਖਿਆ ਨੀਤੀ' ਦੇ ਬਿਆਨ ਦੀ ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ ਨਿਖੇਧੀ

ਧਰਮਕੋਟ (ਗੁਰਦੀਪ ਸਿੰਘ ਭੁੱਲਰ)- ਸਰਕਾਰੀ ਸਕੂਲਾਂ 'ਚ ਕੰਮ ਕਰਦੇ ਅਧਿਆਪਕਾਂ ਦੀ ਪ੍ਰਤੀਨਿਧ ਜਥੇਬੰਦੀ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਨੇ ਬੀਤੇ ਦਿਨੀਂ ਅਮ੍ਰਿਤਸਰ ਵਿਖੇ ਇਕ ਸਕੂਲ ਆਫ ਐਮੀਨੈਂਸ ਦੇ ਉਦਘਾਟਨ ਸਮੇਂ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ "ਇੱਕ ਰਾਸ਼ਟਰ ਇੱਕ ਸਿੱਖਿਆ ਨੀਤੀ" ਦਾ ਰਾਗ ਅਲਾਪਣ ਦੀ ਸਖਤ ਨਿਖੇਧੀ ਕੀਤੀ ਹੈ। ਆਗੂਆਂ ਕਿਹਾ ਕਿ ਕੇਜਰੀਵਾਲ ਵੱਲੋਂ ਮੋਦੀ ਦੁਆਰਾ ਜਾਰੀ ਕੀਤੀ ਗਈ ਕੌਮੀ ਸਿੱਖਿਆ ਨੀਤੀ 2020 ਬਾਰੇ ਚੁੱਪ ਵੱਟਣਾ ਮੰਦਭਾਗਾ ਹੈ। ਜਿਵੇਂ ਕੇਂਦਰ ਸਰਕਾਰ ਵੱਲੋਂ ਇੱਕ ਰਾਸ਼ਟਰ ਇੱਕ ਭਾਸ਼ਾ ਸਾਡੇ ਭਾਰਤੀ ਸੰਘੀ ਢਾਂਚੇ ਨੂੰ ਸੱਟ ਮਾਰਦੀ ਹੈ ਇਸੇ ਤਰ੍ਹਾਂ ਕੇਜਰੀਵਾਲ ਦਾ ਇਹ ਬਿਆਨ ਵੀ ਸੰਘੀ ਢਾਂਚੇ ਤੇ ਰਾਜਾਂ ਦੇ ਆਪਣੇ ਅਧਿਕਾਰਾਂ ਨੂੰ ਸੱਟ ਮਾਰਨ ਵਾਲਾ ਹੈ। ਇਸ ਸਬੰਧੀ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਗੁਰਪ੍ਰੀਤ ਅਮੀਵਾਲ, ਜੱਜਪਾਲ ਸਿੰਘ ਬਾਜੇ ਕੇ, ਗੁਰਮੀਤ ਮੋਗਾ, ਕੁਲਦੀਪ ਸਿੰਘ ਨੇ ਬਿਆਨ ਨੂੰ ਜਾਰੀ ਕਰਦਿਆਂ ਕਿਹਾ ਕਿ ਪਹਿਲਾਂ ਹੀ ਕੇਂਦਰ ਸਰਕਾਰ ਨੇ ਬਿਨਾਂ ਰਾਜ ਸਰਕਾਰਾਂ ਦੀ ਸਲਾਹ ਲਏ ਅਤੇ ਬਿਨਾਂ ਸਿੱਖਿਆ ਸ਼ਾਸਤਰੀਆਂ, ਅਧਿਆਪਕਾਂ ਤੇ ਵਿਦਿਆਰਥੀਆਂ ਨਾਲ ਵਿਚਾਰ ਵਟਾਂਦਰਾ ਕੀਤੇ ਰਾਸ਼ਟਰੀ ਸਿੱਖਿਆ ਨੀਤੀ ਵੱਡੇ ਪੱਧਰ 'ਤੇ ਲਾਗੂ ਕੀਤੀ ਜਾ ਰਹੀ ਹੈ। ਆਗੂਆਂ ਅਨੁਸਾਰ ਸਿੱਖਿਆ ਰਾਜਾਂ ਦਾ ਵਿਸ਼ਾ ਹੈ ਅਤੇ ਰਾਜ ਦੇ ਲੋਕਾਂ ਨੂੰ ਬਿਨਾਂ ਭਰੋਸੇ ਵਿੱਚ ਲਏ ਠੋਸੀ ਗਈ ਸਿੱਖਿਆ ਨੀਤੀ 'ਤੇ ਪੰਜਾਬ ਸਰਕਾਰ ਨੂੰ ਅਮਲ ਨਹੀਂ ਕਰਨਾ ਚਾਹੀਦਾ। ਆਗੂਆਂ ਅੱਗੇ ਦੱਸਿਆ ਕਿ ਇਹ ਨੀਤੀ ਸਭ ਨੂੰ ਸਿੱਖਿਆ ਦੇ ਬਰਾਬਰ ਮੌਕੇ ਦੇਣ ਦੇ ਸੰਵਿਧਾਨਕ ਹੱਕ ਤੋਂ ਵਾਂਝਾ ਕਰਨ ਦੀ ਸਾਜ਼ਿਸ਼ ਹੈ। ਕੇਰਲਾ ਅਤੇ ਤਾਮਿਲਨਾਡੂ ਦੀਆਂ ਸਰਕਾਰਾਂ ਇਸ ਸਿੱਖਿਆ ਨੀਤੀ ਨੂੰ ਪਹਿਲਾਂ ਹੀ ਮੁੱਢੋਂ ਰੱਦ ਕਰ ਚੁੱਕੀਆਂ ਹਨ ਅਤੇ ਹੁਣ ਕਰਨਾਟਕ ਸਰਕਾਰ ਵੱਲੋਂ ਵੀ ਇਸ ਸਿੱਖਿਆ ਨੀਤੀ ਨੂੰ ਰੱਦ ਕਰਨ ਵੱਲ ਆਪਣੇ ਕਦਮ ਵਧਾਏ ਹਨ। ਰਾਸ਼ਟਰੀ ਸਿੱਖਿਆ ਨੀਤੀ 2020 ਸਿੱਖਿਆ ਦੇ ਨਿੱਜੀਕਰਨ, ਵਪਾਰੀਕਰਨ ਤੇ ਕਾਰਪੋਰੇਟੀ ਭਾਗਵੇਂਕਰਨ ਵੱਲ ਸੇਧਤ ਹੈ। ਜੇਕਰ ਇਸ ਨੀਤੀ 'ਤੇ ਅਮਲ ਜਾਰੀ ਰੱਖਿਆ ਤਾਂ ਰਾਜ ਅੰਦਰ ਗਰੀਬਾਂ ਦੇ ਹਜ਼ਾਰਾਂ ਸਕੂਲ ਬੰਦ ਹੋ ਜਾਣਗੇ ਤੇ ਲੱਖਾਂ ਵਿਦਿਆਰਥੀ ਸਿੱਖਿਆ ਖੇਤਰ ਤੋਂ ਬਾਹਰ ਹੋ ਜਾਣਗੇ ਤੇ ਕਾਰਪੋਰੇਟੀ ਯੂਨੀਵਰਸਿਟੀਆਂ (ਦੁਕਾਨਾਂ) ਮੁਨਾਫੇ ਦੀ ਹੋੜ ਵਿੱਚ ਸਿੱਖਿਆ ਨੂੰ ਮੰਡੀ ਵਿੱਚ ਮੁਨਾਫਾ ਕਮਾਉਣ ਲਈ ਵੇਚਣਗੀਆਂ ਅਤੇ ਉੱਚ ਯੋਗਤਾ ਪ੍ਰਾਪਤ ਲੱਖਾਂ ਟਰੇਂਡ ਅਧਿਆਪਕਾਂ ਲਈ ਰੁਜ਼ਗਾਰ ਦੇ ਦਰਵਾਜ਼ੇ ਬੰਦ ਹੋ ਜਾਣਗੇ। ਸਿੱਟੇ ਵਜੋਂ ਪੰਜਾਬ ਦੀ ਜਨਤਕ ਸਿੱਖਿਆ ਤਬਾਹ ਹੋ ਜਾਵੇਗੀ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਰਾਸ਼ਟਰੀ ਸਿੱਖਿਆ ਨੀਤੀ 2020 'ਤੇ ਪੰਜਾਬ ਸਰਕਾਰ ਨੇ ਅਮਲ ਜਾਰੀ ਰੱਖਿਆ ਤਾਂ ਜਥੇਬੰਦੀ ਇਸ ਵਿਰੁੱਧ ਵਿਆਪਕ ਜਨਤਕ ਲਾਮਬੰਦੀ ਕਰਕੇ ਜ਼ੋਰਦਾਰ ਘੋਲ ਸ਼ੁਰੂ ਕਰੇਗੀ। ਇਸ ਸਮੇ ਬਲਾਕ ਪ੍ਰਧਾਨ ਜਗਰੂਪ ਸਿੰਘ ਜੈਦ, ਹਰਿੰਦਰ ਸਿੰਘ, ਗੁਰਵਿੰਦਰ ਸਿੰਘ ਮਹਿਲ, ਸੁਖਜਿੰਦਰ ਸਿੰਘ ਜੋਸਨ, ਪ੍ਰਿਤਪਾਲ ਖੁਖਰਾਣਾ, ਕਰਮਵੀਰ ਦਾਤਾ ਆਦਿ ਹਾਜ਼ਰ ਸਨ।

ਕਾਤਰਾਂ

ਹਿੰਦੀ ਦਿਵਸ ਮੌਕੇ ਕਰਵਾਇਆ ਲੇਖ ਮੁਕਾਬਲਾ

ਭੀਖੀ, (ਧਰਮਵੀਰ ਸ਼ਰਮਾ)-ਰਾਸ਼ਟਰੀ ਹਿੰਦੀ ਦਿਵਸ ਮੌਕੇ ਸਕੂਲ ਵਿੱਚ ਹਿੰਦੀ ਅਧਿਆਪਕਾਂ ਲਈ ਇੱਕ ਲੇਖ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਸਕੂਲ ਦੇ ਸਾਰੇ ਹਿੰਦੀ ਅਧਿਆਪਕਾਂ ਨੇ ਭਾਗ ਲਿਆ। ਇਸ ਲੇਖ ਲਿਖਣ ਮੁਕਾਬਲੇ ਦਾ ਵਿਸ਼ਾ ਸੀ "ਵਿਸ਼ਵ ਮੰਚ ਉੱਤੇ ਭਾਰਤ ਦਾ ਵਧਦਾ ਪ੍ਰਭਾਵ"। ਵਰਨਣਯੋਗ ਹੈ ਕਿ ਇਹ ਮੁਕਾਬਲਾ ਸਰਵਹਿੱਤਕਾਰੀ ਸਿੱਖਿਆ ਸਮਿਤੀ ਵੱਲੋਂ ਹਰ ਸਾਲ ਸਤੰਬਰ ਮਹੀਨੇ ਵਿੱਚ ਕਰਵਾਇਆ ਜਾਂਦਾ ਹੈ। ਇਸ ਸਾਲ ਇਹ ਮੁਕਾਬਲੇ ਰਾਸ਼ਟਰੀ ਹਿੰਦੀ ਦਿਵਸ ਦੇ ਮੌਕੇ 'ਤੇ ਕਰਵਾਏ ਗਏ ਸਨ। ਮੁਕਾਬਲੇ ਦੀ ਸ਼ੁਰੂਆਤ ਤੋਂ ਪਹਿਲਾਂ ਸਕੂਲ ਦੇ ਹਿੰਦੀ ਅਧਿਆਪਕਾਂ ਨੇ ਹਿੰਦੀ ਦਿਵਸ ਦੇ ਇਤਿਹਾਸ ਤੇ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਨੇ ਸਾਰਿਆਂ ਨੂੰ ਹਿੰਦੀ ਦਿਵਸ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

ਰੋਟਰੀ ਕਲੱਬ ਨੇ ਕ੍ਰਿਕਟ ਖਿਡਾਰੀਆਂ ਨੂੰ ਵੰਡੀਆਂ ਕਿੱਟਾਂ

ਬਾਘਾ ਪੁਰਾਣਾ (ਮਨੀ ਸਿੰਗਲਾ)-ਬਾਘਾ ਪੁਰਾਣਾ ਦਾ ਰੋਟਰੀ ਕਲੱਬ ਹਮੇਸ਼ਾ ਹੀ ਸਮਾਜਿਕ ਕੰਮਾਂ ਵਿੱਚ ਮੋਹਰੀ ਰਿਹਾ ਹੈ। ਹੁਣ ਰੋਟਰੀ ਕਲੱਬ ਨੌਜਵਾਨਾਂ ਨੂੰ ਨਸ਼ੇ ਤੋਂ ਬਚਾ ਖੇਡਾਂ ਲਈ ਪ੍ਰੇਰਿਤ ਕਰਨ ਵੱਲ ਆਪਣੇ ਕਦਮ ਵਧਾ ਰਿਹਾ ਹੈ। ਰੋਟਰੀ ਕਲੱਬ ਨੇ ਸ਼ੁੱਕਰਵਾਰ ਬਾਘਾ ਪੁਰਾਣਾ ਦੀ ਸਟਾਰ ਇਲੈਵਨ ਦੇ ਕ੍ਰਿਕਟ ਖਿਡਾਰੀਆਂ ਨੂੰ ਕਿੱਟਾਂ ਵੰਡ ਨਵਾਂ ਕਾਰਜ ਸ਼ੁਰੂ ਕਰ ਦਿੱਤਾ ਹੈ। ਰੋਟਰੀ ਕਲੱਬ ਦੇ ਪ੍ਰਧਾਨ ਅਰੁਣ ਬਾਂਸਲ, ਮੈਂਬਰ ਵਿਮਲ ਗਰਗ ਵਿੱਕੀ ਨੇ ਦੱਸਿਆ ਕਿ ਨੌਜਵਾਨ ਖੇਡਾਂ ਨਾਲ ਜੋੜ ਕੇ ਅਸੀਂ ਉਨ੍ਹਾਂ ਨੂੰ ਨਸ਼ਿਆਂ ਤੋਂ ਰੋਕਣ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਾਂ ਅਤੇ ਸਾਨੂੰ ਉਮੀਦ ਹੈ ਕਿ ਅਸੀਂ ਜ਼ਰੂਰ ਸਫਲ ਹੋਵਾਂਗੇ। ਇਸ ਮੌਕੇ ਰੋਟਰੀ ਕਲੱਬ ਦੇ ਰਾਕੇਸ਼ ਬਾਂਸਲ (ਸਕੱਤਰ), ਪਿਆਰੇ ਲਾਲ (ਕੈਸ਼ੀਅਰ), ਬਾਵਾ ਮਲਹੋਤਰਾ, ਰਾਜੀਵ ਮਿੱਤਲ, ਦੀਪਕ ਬਾਂਸਲ ਤੇ ਰਾਜੇਸ਼ ਬੱਬਰ ਹਾਜ਼ਰ ਸਨ।

ਮਿਸ ਰੀਆ ਐੱਮ ਕਾਮ ਭਾਗ ਦੂਸਰੇ 'ਚੋਂ ਰਹੀ ਅੱਵਲ

ਮੋਗਾ (ਅਮਰਜੀਤ ਬੱਬਰੀ)-ਐੱਸ. ਡੀ. ਕਾਲਜ ਫਾਰ ਵੋਮੈਨ ਮੋਗਾ ਵਿਖੇ ਐੱਮ. ਕਾਮ ਭਾਗ ਦੂਸਰੇ ਦੇ ਸਮੈਸਟਰ ਚੌਥੇ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਪ੍ਰਿੰਸੀਪਲ ਡਾ. ਨੀਨਾ ਅਨੇਜਾ ਨੇ ਦਿਲੀ ਖੁਸ਼ੀ ਜ਼ਾਹਰ ਕਰਦਿਆਂ ਨਤੀਜੇ ਦੀ ਜਾਣਕਾਰੀ ਦਿੱਤੀ ਕਿ ਵਿਦਿਆਰਥਣਾਂ ਦਾ ਨਤੀਜਾ 100% ਰਿਹਾ। ਮਿਸ ਰੀਆ ਨੇ 83.53% (2339/2800) ਅੰਕ ਪ੍ਰਾਪਤ ਕਰਕੇ ਪਹਿਲਾ, ਮਿਸ ਹਿਮਾਂਸ਼ੀ ਨੇ 83.10% (2327/2800) ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ, ਮਿਸ ਸੇਜਲ ਨੇ 81.03% (2269/2800) ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਨੇ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਮੁਬਾਰਕਬਾਦ ਦਿੱਤੀ ਅਤੇ ਵਿਦਿਆਰਥਣਾਂ ਨੂੰ ਭਵਿੱਖ ਵਿੱਚ ਹੋਰ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ। ਇਸ ਮੌਕੇ ਕਾਮਰਸ ਵਿਭਾਗ ਦੇ ਅਧਿਆਪਕ ਮਿਸਿਜ਼ ਸੁਸ਼ਮਾ ਗੁਪਤਾ (ਮੁਖੀ ਕਾਮਰਸ ਵਿਭਾਗ), ਮਿਸ ਰਜਨੀ, ਮਿਸਿਜ਼ ਗਗਨਦੀਪ ਕੌਰ, ਮਿਸਿਜ਼ ਕਨਿਕਾ, ਮਿਸਿਜ਼ ਨਿਹਾਰਿਕਾ ਤੇ ਮਿਸ ਤਮੰਨਾ ਹਾਜ਼ਰ ਸਨ।

ਗੁਰਦੁਆਰਾ ਜਾਮਨੀ ਸਾਹਿਬ ਵਿਖੇ ਦੰਦਾਂ ਦਾ ਮੁਫਤ ਕੈਂਪ ਲਗਾਇਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਮੋਗਾ ਰੋਡ ਫਿਰੋਜ਼ਪੁਰ ਵੱਲੋਂ ਮੱਸਿਆ ਮੌਕੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਦੇ ਸਹਿਯੋਗ ਨਾਲ ਸ੍ਰੀ ਗੁਰਦੁਆਰਾ ਜਾਮਨੀ ਸਾਹਿਬ ਪਿੰਡ ਬਜੀਦਪੁਰ ਵਿਖੇ ਦੰਦਾਂ ਦਾ ਮੁਫਤ ਕੈਂਪ ਲਗਾਇਆ ਗਿਆ। ਜਾਣਕਾਰੀ ਦਿੰਦਿਆਂ ਕਾਲਜ ਦੇ ਚੇਅਰਮੈਨ ਸੀ. ਏ. ਵਰਿੰਦਰ ਮੋਹਨ ਸਿੰਘਲ ਨੇ ਦੱਸਿਆ ਕਿ ਹਰ ਮਹੀਨੇ ਅਮਾਵਸ ਮੌਕੇ ਗੁਰਦੁਆਰਾ ਸ੍ਰੀ ਜਾਮਨੀ ਸਾਹਿਬ, ਪਿੰਡ ਬਜੀਦਪੁਰ ਵਿਖੇ ਦੰਦਾਂ ਦਾ ਜਾਂਚ ਕੈਂਪ ਲਗਾਇਆ ਜਾਂਦਾ ਹੈ। ਇਹ ਕੈਂਪ ਸਵੇਰੇ 9 ਵਜੇ ਤੋਂ ਦੁਪਹਿਰ 02 ਵਜੇ ਤੱਕ ਲਗਾਇਆ ਜਾਂਦਾ ਹੈ।ਇਸ ਕੈਂਪ ਵਿੱਚ ਦੰਦਾਂ ਦੇ ਮਾਹਿਰ ਡਾ. ਸੁਕੀਰਤ ਕੌਰ, ਡਾ. ਬਕੁਲ ਸੈਂਡਲ ਨੇ ਦੰਦਾਂ ਦੇ ਮਰੀਜ਼ਾਂ ਦੀ ਜਾਂਚ ਕੀਤੀ। ਡਾ. ਸੁਕੀਰਤ ਕੌਰ, ਡਾ. ਬਕੁਲ ਸੈਂਡਲ ਨੇ ਦੱਸਿਆ ਕਿ ਇਸ ਕੈਂਪ ਵਿੱਚ ਸਭ ਤੋਂ ਵੱਧ ਮਰੀਜ਼ਾਂ ਨੂੰ ਕੀੜਿਆਂ ਦੀ ਸਮੱਸਿਆ ਤੇ ਦੰਦਾਂ ਦੀ ਸਮੱਸਿਆ ਬਾਰੇ ਜਾਣਕਾਰੀ ਦਿੱਤੀ ਗਈ।ਇਸ ਦੇ ਲਈ ਡਾ: ਸੁਕੀਰਤ ਕੌਰ, ਡਾ: ਬਕੁਲ ਸੈਂਡਲ ਨੇ ਮਰੀਜ਼ਾਂ ਨੂੰ ਦੰਦਾਂ ਦੀ ਦੇਖ-ਭਾਲ ਲਈ ਸੁਝਾਅ ਦਿੱਤੇ ਅਤੇ ਦਿਨ ਵਿੱਚ ਦੋ ਵਾਰ ਬੁਰਸ਼ ਕਰਨ ਦੀ ਸਲਾਹ ਦਿੱਤੀ। ਇਸ ਮੌਕੇ ਅਮਨਦੀਪ, ਚੰਚਲ, ਹਰਜੀਤ ਕੌਰ, ਤਾਨੀਆ, ਸੰਚੀ, ਹਰਨੂਰ, ਰਣਜੀਤ ਸਿੰਘ ਪੀ ਆਰ ਓ, ਮਨਜੀਤ ਸਿੰਘ ਆਦਿ ਹਾਜ਼ਰ ਸਨ।

ਵਿਦਿਆਰਥੀਆਂ ਨਾਲ ਜਬਰ ਤੇ ਬੇਇਨਸਾਫੀ ਬਰਦਾਸ਼ਤ ਤੋਂ ਬਾਹਰ : ਮਾਨ

**ਫਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦ

17-SEP-PAGE-5.qxd 9/16/2023 10:44 PM Page 1

ਜਥੇਬੰਦੀਆਂ ਵੱਲੋਂ ਥਾਣਾ ਅਮੀਰ ਖਾਸ ਅੱਗੇ ਧਰਨਾ ਪ੍ਰਦਰਸ਼ਨ ਜਾਰੀ

ਬੇਕਸੂਰਾਂ ਨੂੰ ਪਰਚੇ 'ਚੋਂ ਬਾਹਰ ਨਾ ਕੱਢਿਆ ਤਾਂ ਨੈਸ਼ਨਲ ਹਾਈਵੇ ਜਾਮ ਕਰਕੇ ਐੱਸ ਐੱਸ ਪੀ ਦੇ ਪੁਤਲੇ ਫੂਕੇ ਜਾਣਗੇ : ਆਗੂ

ਜਲਾਲਾਬਾਦ (ਜੀਤ ਕੁਮਾਰ)-ਭਾਰਤੀ ਕਮਿਊਨਿਸਟ ਪਾਰਟੀ ਤੇ ਵੱਖ ਵੱਖ ਜਥੇਬੰਦੀਆਂ ਵੱਲੋਂ ਡੀ.ਐੱਸ.ਪੀ. ਜਲਾਲਾਬਾਦ ਅਧੀਨ ਆਉਂਦੇ ਥਾਣਾ ਅਮੀਰ ਖਾਸ ਅੱਗੇ ਐੱਸ.ਐੱਸ.ਪੀ. ਫਾਜ਼ਿਲਕਾ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਧਰਨਾ ਪ੍ਰਦਰਸ਼ਨ ਦੀ ਅਗਵਾਈ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਮੀਤ ਸਕੱਤਰ ਕਾਮਰੇਡ ਸੁਰਿੰਦਰ ਢੰਡੀਆਂ, ਜ਼ਿਲ੍ਹਾ ਆਗੂ ਨਰਿੰਦਰ ਢਾਬਾਂ, ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਭਜਨ ਛੱਪੜੀ ਵਾਲਾ, ਕਾਮਰੇਡ ਤੇਜਾ ਸਿੰਘ ਅਮੀਰ ਖਾਸ ਤੇ ਬਲਾਕ ਸਕੱਤਰ ਕਾਮਰੇਡ ਬਲਵੰਤ ਚੌਹਾਨਾ ਨੇ ਕੀਤੀ।

ਇਸ ਮੌਕੇ ਗੱਲਬਾਤ ਕਰਦਿਆਂ ਕਾਮਰੇਡ ਸੁਰਿੰਦਰ ਢੰਡੀਆਂ ਤੇ ਨਰਿੰਦਰ ਢਾਬਾਂ ਨੇ ਦੱਸਿਆ ਕਿ ਥਾਣਾ ਅਮੀਰ ਖਾਸ ਅੰਦਰ ਆਉਂਦੇ ਪਿੰਡ ਥਾਰੇ ਵਾਲਾ ਵਿਖੇ ਇੱਕ ਜ਼ਮੀਨ ਦੇ ਤਬਾਦਲੇ ਦੇ ਮਾਮਲੇ ਵਿੱਚ ਪਿਛਲੇ ਦਿਨੀਂ ਦੋ ਧਿਰਾਂ ਦਰਮਿਆਨ ਝਗੜਾ ਹੋਇਆ ਸੀ, ਜਿਸ ਵਿੱਚ ਮੁੱਖ ਦੋਸ਼ੀ ਧਿਰ ਦੇ ਕੁਝ ਵਿਅਕਤੀਆਂ ਵੱਲੋਂ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਦੂਜੀ ਧਿਰ ਦੇ ਦੋ ਵਿਅਕਤੀਆਂ ਨੂੰ ਆਪਣੇ ਘਰ ਅੱਗੇ ਰੋਕਿਆ ਗਿਆ ਤੇ ਫਿਰ ਉਨ੍ਹਾਂ ਨੂੰ ਅਗਵਾ ਕਰਕੇ ਆਪਣੇ ਘਰ ਅੰਦਰ ਲਿਜਾ ਕੇ ਕੁੱਟਮਾਰ ਕੀਤੀ ਗਈ। ਇਸ ਲੜਾਈ ਝਗੜੇ ਦੌਰਾਨ ਦੂਜੀ ਧਿਰ ਦੀ ਇੱਕ ਔਰਤ ਨੂੰ ਵੀ ਸਿਰ 'ਤੇ ਸੱਟ ਲੱਗੀ ਸੀ ਤੇ ਅਗਵਾ ਕੀਤੇ ਨੌਜਵਾਨਾਂ ਵਿੱਚੋਂ ਇੱਕ ਵਿਅਕਤੀ ਮੁਖਤਿਆਰ ਸਿੰਘ ਦੇ ਮੋਢੇ 'ਤੇ ਵੀ ਗੰਭੀਰ ਸੱਟ ਲੱਗੀ, ਪਰ ਪੁਲਸ ਵੱਲੋਂ ਦੋਵਾਂ ਧਿਰਾਂ 'ਤੇ ਕਾਰਵਾਈ ਕਰਨ ਦੀ ਬਜਾਇ ਮੁੱਖ ਦੋਸ਼ੀ ਧਿਰ ਦਾ ਬਚਾਅ ਕੀਤਾ ਜਾ ਰਿਹਾ ਹੈ ਅਤੇ ਦੂਜੀ ਧਿਰ ਦੇ 8 ਵਿਅਕਤੀਆਂ 'ਤੇ ਨਜਾਇਜ਼ ਪਰਚਾ ਦਰਜ ਕੀਤਾ ਗਿਆ ਹੈ, ਜਦਕਿ ਲੜਾਈ ਦੌਰਾਨ ਮੌਕੇ 'ਤੇ ਇਸ ਧਿਰ ਦੇ ਸਿਰਫ ਤਿੰਨ ਵਿਅਕਤੀ ਹੀ ਸ਼ਾਮਲ ਸਨ, ਜੋ ਕਿ ਦੋ ਅਗਵਾ ਕੀਤੇ ਗਏ ਸਨ ਅਤੇ ਤੀਸਰਾ ਮੁਖਤਿਆਰ ਸਿੰਘ, ਜੋ ਕਿ ਉਨ੍ਹਾਂ ਵੱਲੋਂ ਜਾਨ ਬਚਾਉਣ ਦਾ ਰੌਲਾ ਸੁਣ ਕੇ ਮੌਕੇ 'ਤੇ ਆਇਆ ਤੇ ਪੁਲਸ ਦੇ ਉੱਚ ਅਧਿਕਾਰੀਆਂ ਵੱਲੋਂ ਵਾਰ ਵਾਰ ਜਾਂਚ ਕਰਨ ਦੇ ਬਾਵਜੂਦ ਬੇਦੋਸ਼ੇ ਵਿਅਕਤੀਆਂ ਦੇ ਘਰਾਂ ਵਿੱਚ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਤੇ ਇੱਕ ਵਿਅਕਤੀ ਬਲਕਾਰ ਸਿੰਘ, ਜੋ ਬੇਦੋਸ਼ਾ ਹੈ, ਨੂੰ ਕੱਲ੍ਹ ਦਾ ਥਾਣਾ ਅਮੀਰ ਖਾਸ ਵਿੱਚ ਬੰਦ ਕੀਤਾ ਹੋਇਆ ਹੈ ਅਤੇ ਦੋਸ਼ੀ ਧਿਰ 'ਤੇ ਡਾਕਟਰੀ ਰਿਪੋਰਟ ਹੋਣ ਦੇ ਬਾਵਜੂਦ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜਦੋਂ ਤੱਕ ਇਸ ਮਸਲੇ ਦਾ ਹੱਲ ਕਰਕੇ ਬੇਦੋਸ਼ੇ ਵਿਅਕਤੀਆਂ ਨੂੰ ਰਿਹਾਅ ਕਰਕੇ ਪਰਚੇ ਵਿੱਚੋਂ ਬਾਹਰ ਨਹੀਂ ਕੀਤਾ ਜਾਂਦਾ ਤੇ ਦੋਸ਼ੀ ਧਿਰ 'ਤੇ ਬਣਦੀ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਂਦੀ, ਉਦੋਂ ਤੱਕ ਜ਼ਿਲ੍ਹਾ ਪੁਲਸ ਮੁਖੀ ਦੇ ਲਗਾਤਾਰ ਪੁਤਲੇ ਫੂਕੇ ਜਾਣਗੇ ਅਤੇ ਇੱਕ ਦੋ ਦਿਨਾਂ ਵਿੱਚ ਨੈਸ਼ਨਲ ਹਾਈਵੇ ਜਾਮ ਕੀਤਾ ਜਾਵੇਗਾ।

ਇਸ ਮੌਕੇ ਇਸ ਧਰਨਾ ਪ੍ਰਦਰਸ਼ਨ ਨੂੰ ਆਂਗਨਵਾੜੀ ਵਰਕਰ ਹੈਲਪਰ ਯੂਨੀਅਨ ਪੰਜਾਬ ਦੇ ਪ੍ਰਧਾਨ ਸਰੋਜ ਛੱਪੜੀ ਵਾਲਾ, ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਸਕੱਤਰ ਸੁਬੇਗ ਝੰਗੜ ਭੈਣੀ, ਜ਼ਿਲ੍ਹਾ ਆਗੂ ਕੁਲਦੀਪ ਬੱਬੂ ਸਿਆਹ, ਨਰੇਗਾ ਵਰਕਰਾਂ ਦੇ ਜ਼ਿਲ੍ਹਾ ਆਗੂ ਜਰਨੈਲ ਢਾਬਾਂ, ਬਲਵਿੰਦਰ ਮਹਾਲਮ, ਧਰਮਿੰਦਰ ਰਹਿਮੇ ਸਿਆਹ, ਕਿਸਾਨ ਆਗੂ ਭਗਵਾਨ ਦਾਸ ਬਹਾਦਰਕੇ, ਰਮੇਸ਼ ਪੀਰ ਮੁਹੰਮਦ, ਕਰਨੈਲ ਬੱਘੇਕੇ, ਨੌਜਵਾਨ ਆਗੂ ਸਤੀਸ਼ ਛੱਪੜੀ ਵਾਲਾ, ਮਲਕੀਤ ਮਾਹੂਆਣਾ, ਛਿੰਦਰ ਮਹਾਲਮ, ਜਗਜੀਤ ਢਾਬਾਂ, ਗੁਰਦਿਆਲ ਢਾਬਾਂ, ਹਰਚਰਨ ਪਾਲੀ ਵਾਲਾ ਆਦਿ ਆਗੂ ਤੇ ਵੱਡੀ ਗਿਣਤੀ 'ਚ ਵਰਕਰ ਹਾਜ਼ਰ ਸਨ।

ਸੰਧਵਾਂ ਵੱਲੋਂ 5 ਮੈਡੀਕਲ ਵੈਨਾਂ ਲੋਕਾਂ ਨੂੰ ਸਮਰਪਤ

ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)-ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਹੰਸ ਫਾਊਂਡੇਸ਼ਨ ਦੇ ਸਹਿਯੋਗ ਨਾਲ 2 ਕਰੋੜ ਰੁਪਏ ਦੀ ਲਾਗਤ ਵਾਲੀਆਂ ਪੰਜ 5 ਮੈਡੀਕਲ ਵੈਨਾਂ ਨੂੰ ਸਪੀਕਰ ਸੰਧਵਾਂ ਨੇ ਵਿਧਾਇਕ ਸ੍ਰ. ਗੁਰਦਿੱਤ ਸਿੰਘ ਸੇਖੋਂ, ਡੀ ਸੀ ਸ਼੍ਰੀ ਵਿਨਿਤ ਕੁਮਾਰ ਤੇ ਸਿਵਲ ਹਸਪਤਾਲ ਦੇ ਡਾਕਟਰਾਂ ਦੀ ਹਾਜ਼ਰੀ ਵਿੱਚ ਲੋਕਾਂ ਦੇ ਸਪੁਰਦ ਕੀਤਾ। ਇਸ ਮੌਕੇ ਬੋਲਦਿਆਂ ਸ੍ਰ. ਸੰਧਵਾ ਨੇ ਕਿਹਾ ਕਿ ਇਹ ਜ਼ਿਲ੍ਹੇ ਦੇ ਆਮ ਲੋਕਾਂ ਲਈ ਇੱਕ ਖਾਸ ਤੇ ਨਿਵੇਕਲਾ ਉਪਰਾਲਾ ਹੈ, ਜਿਸ ਤਹਿਤ ਜਿਹੜੀਆਂ ਸੁਵਿਧਾਵਾਂ ਵੀ.ਵੀ.ਆਈ.ਪੀ. ਲੋਕਾਂ ਨੂੰ ਮਿਲਦੀਆਂ ਸਨ, ਉਹ ਹੁਣ ਆਮ ਲੋਕਾਂ ਦੇ ਘਰ ਦੇ ਦੁਆਰ 'ਤੇ ਇਹ ਸਹੂਲਤਾਂ ਸਰਕਾਰ ਵੱਲੋਂ ਪਹੁੰਚਾਈਆਂ ਜਾ ਰਹੀਆਂ ਹਨ। ਉਨ੍ਹਾ ਕਿਹਾ ਕਿ ਇਹ ਵੈਨਾਂ ਪਿੰਡ-ਪਿੰਡ ਜਾਣਗੀਆਂ, ਇਨ੍ਹਾਂ ਵੈਨਾਂ ਵਿੱਚ ਡਾਕਟਰਾਂ ਦੀ ਪੂਰੀ ਟੀਮ ਹੋਵੇਗੀ, ਮਰੀਜ਼ਾਂ ਦੇ ਟੈਸਟ ਵੀ ਕੀਤੇ ਜਾਣਗੇ। ਇਹ ਵੈਨਾਂ ਇੱਕ ਤੁਰਦੇ-ਫਿਰਦੇ ਮੁਹੱਲਾ ਕਲੀਨਿਕ ਵਜੋਂ ਲੋਕਾਂ ਲਈ ਸਹਾਈ ਸਿੱਧ ਹੋਣਗੀਆਂ। ਉਨ੍ਹਾ ਇਹ ਵੀ ਕਿਹਾ ਕਿ ਕੈਂਸਰ, ਜੋ ਕਿ ਇੱਕ ਬਹੁਤ ਹੀ ਭਿਆਨਕ ਬਿਮਾਰੀ ਹੈ, ਪਿਛਲੇ 20-25 ਸਾਲ ਤੋਂ ਇਸ ਨਾਲ ਜੂਝ ਰਹੇ ਹਾਂ, ਇਸ ਦੀ ਸਹੂਲਤ ਸਰਕਾਰੀ ਤੌਰ 'ਤੇ ਚਲਦੀ ਰਹੇਗੀ।

ਇਸ ਮੌਕੇ ਪੀ.ਆਰ.ਓ. ਟੂ ਸਪੀਕਰ ਮਨਪ੍ਰੀਤ ਸਿੰਘ ਧਾਲੀਵਾਲ, ਅਮਨਦੀਪ ਸਿੰਘ ਸੰਧੂ, ਗੁਰਮੀਤ ਸਿੰਘ ਚੇਅਰਮੈਨ ਮਾਰਕੀਟ ਕਮੇਟੀ, ਗੁਰਤੇਜ ਸਿੰਘ ਖੋਸਾ, ਜਗਸੀਰ ਸਿੰਘ ਪ੍ਰਧਾਨ, ਮਨਜੀਤ ਸਿੰਘ ਧਾਲੀਵਾਲ ਤੇ ਦੀਪਕ ਮੌਗਾ ਹਾਜ਼ਰ ਸਨ।

ਨਸ਼ਾ ਵਿਰੋਧੀ ਸਾਂਝੀ ਐਕਸ਼ਨ ਕਮੇਟੀ ਵੱਲੋਂ ਪੱਕਾ ਧਰਨਾ ਜਾਰੀ

28 ਨੂੰ ਸ਼ਹੀਦ ਭਗਤ ਸਿੰਘ ਦੇ ਬੁੱਤ ਤੱਕ ਮਾਰਚ ਕਰ ਅਗਲੀ ਰਣਨੀਤੀ ਦਾ ਕਰਾਂਗੇ ਐਲਾਨ : ਆਗੂ

ਮਾਨਸਾ, (ਆਤਮਾ ਸਿੰਘ ਪਮਾਰ)-ਨਸ਼ਾ ਵਿਰੋਧੀ ਸਾਂਝੀ ਐਕਸ਼ਨ ਕਮੇਟੀ ਨੇ ਸਥਾਨਕ ਬਾਬਾ ਬੂਝਾ ਸਿੰਘ ਭਵਨ ਵਿਖੇ ਇੱਕ ਹੰਗਾਮੀ ਮੀਟਿੰਗ ਕਰਕੇ ਐਲਾਨ ਕੀਤਾ ਕਿ ਮਾਨਸਾ ਦੇ ਬਾਲ ਭਵਨ ਵਿਖੇ ਪਿਛਲੇ ਦੋ ਮਹੀਨੇ ਤੋਂ ਚੱਲ ਰਿਹਾ ਦਿਨ-ਰਾਤ ਦਾ ਪੱਕਾ ਧਰਨਾ ਜਾਰੀ ਰਹੇਗਾ। ਕਮੇਟੀ ਦੇ ਕਨਵੀਨਰ ਰਾਜਵਿੰਦਰ ਸਿੰਘ ਰਾਣਾ ਨੇ ਗੱਲਬਾਤ ਦੌਰਾਨ ਦੱਸਿਆ ਕਿ ਸਾਂਝੀ ਐਕਸ਼ਨ ਕਮੇਟੀ ਵਿੱਚ ਸ਼ਾਮਲ ਸਾਰੀਆਂ ਜਥੇਬੰਦੀਆਂ ਵੱਲੋਂ ਚਿੱਟੇ ਦੇ ਖਾਤਮੇ ਤੇ ਸਮਗਲਰਾਂ ਨੂੰ ਨੱਥ ਪਾ ਕੇ ਜਾਇਦਾਦਾਂ ਜ਼ਬਤ ਕੀਤੇ ਜਾਣ ਤੱਕ ਨਸ਼ਾ ਵਿਰੋਧੀ ਇਹ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਕਰ ਲਿਆ ਹੈ। ਬੁਲਾਰਿਆਂ ਨੇ ਐਲਾਨ ਕੀਤਾ ਕਿ 28 ਸਤੰਬਰ ਨੂੰ ਭਗਤ ਸਿੰਘ ਦੇ ਜਨਮ ਦਿਹਾੜੇ 'ਤੇ ਧਰਨੇ ਵਾਲੀ ਥਾਂ ਤੋਂ ਇੱਕ ਵੱਡਾ ਕਾਫਲਾ ਮਾਨਸਾ ਦੇ ਜਵਾਹਰਕੇ ਰੋਡ 'ਤੇ ਸਥਿਤ ਸ਼ਹੀਦ ਭਗਤ ਸਿੰਘ ਦੇ ਬੁੱਤ ਤੱਕ ਮਾਰਚ ਕੀਤਾ ਜਾਵੇਗਾ। ਇੱਥੇ ਪੁੱਜਣ ਤੋਂ ਬਾਅਦ ਪੰਜਾਬ ਪੱਧਰੀ ਪ੍ਰੋਗਰਾਮ ਤੇ ਅਗਲੀ ਰਣਨੀਤੀ ਵੀ ਤੈਅ ਕੀਤੀ ਜਾਵੇਗੀ। ਨਸ਼ਾ ਵਿਰੋਧੀ ਮੁਹਿੰਮ ਦੇ ਮੋਢੀ ਪਰਮਿੰਦਰ ਸਿੰਘ ਝੋਟਾ ਦੀ ਅਗਵਾਈ 'ਚ ਸਾਰੀਆਂ ਜਥੇਬੰਦੀਆਂ ਸਾਂਝੀ ਐਕਸ਼ਨ ਕਮੇਟੀ ਦੇ ਝੰਡੇ ਹੇਠ ਇਸ ਮੁਹਿੰਮ ਨੂੰ ਪੰਜਾਬ ਦੇ ਘਰ ਘਰ ਤੱਕ ਲੈ ਕੇ ਜਾਣਗੀਆਂ। ਆਗੂਆਂ ਐਲਾਣ ਕੀਤਾ ਕਿ ਜਿੰਨਾ ਸਮਾਂ ਦੋਸ਼ੀ ਡੀ ਐੱਸ ਪੀ, ਥਾਣੇਦਾਰਾਂ ਖਿਲਾਫ ਸਖਤ ਕਾਰਵਾਈ ਨਹੀਂ ਕੀਤੀ ਜਾਂਦੀ ਅਤੇ ਨਸ਼ੇ ਦੇ ਸੌਦਾਗਰਾਂ ਮਾਨਸਾ ਮੈਡੀਕੋਜ਼ ਦੀ ਨਸ਼ਾ ਵਿੱਕਰੀ ਤੋਂ ਬਣਾਈ ਜਾਇਦਾਦ ਜ਼ਬਤ ਨਹੀਂ ਕੀਤੀ ਜਾਂਦੀ ਅਤੇ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਨਹੀਂ ਹੁੰਦੀ, ਉਨਾ ਸਮਾਂ ਕੋਈ ਵੀ ਜਥੇਬੰਦੀ ਕਮੇਟੀ ਤੋਂ ਬਾਹਰ ਨਹੀਂ ਜਾਵੇਗੀ। ਇਸ ਮੌਕੇ ਪਰਮਿੰਦਰ ਸਿੰਘ ਝੋਟੇ ਦੇ ਪਿਤਾ ਭੀਮ ਸਿੰਘ ਨੇ ਕਿਹਾ ਕਿ ਲੋਕ ਰੋਹ ਤੋਂ ਸਹਿਮੀ ਸਰਕਾਰ ਤੇ ਪੁਲਸ ਪ੍ਰਸ਼ਾਸਨ ਨੇ ਸ਼ਰੇਆਮ ਨਸ਼ਾ ਵਿੱਕਰੀ 'ਤੇ ਥੋੜ੍ਹੀ ਜਿਹੀ ਰੋਕ ਜ਼ਰੂਰ ਲਗਾਈ ਹੈ, ਪਰ ਅਜੇ ਤੱਕ ਵੀ ਬਹੁਤੇ ਥਾਂ ਚਿੱਟਾ ਤੇ ਮੈਡੀਕਲ ਨਸ਼ਿਆਂ ਦੀ ਵਿੱਕਰੀ ਪਹਿਲਾਂ ਵਾਂਗ ਹੀ ਜਾਰੀ ਹੈ। ਇਸ ਮੌਕੇ ਕ੍ਰਿਸ਼ਨ ਚੌਹਾਨ, ਰੁਪਿੰਦਰ ਸਿੰਘ, ਕਿਸਾਨ ਆਗੂ ਨਿਰਮਲ ਸਿੰਘ ਝੰਡੂਕੇ, ਮੱਖਣ ਭੈਣੀ, ਜਸਦੇਵ ਸਿੰਘ, ਸੂਬੇਦਾਰ ਦਰਸ਼ਨ ਸਿੰਘ, ਕਿਸਾਨ ਆਗੂ ਬੋਘ ਸਿੰਘ, ਇਕਬਾਲ ਸਿੰਘ ਮਾਨਸਾ ਸਮੇਤ ਸਮੂਹ ਜਥੇਬੰਦੀਆਂ ਦੇ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ।

ਕਾਤਰਾਂ

ਇੰਗਲਿਸ਼ ਸਟੂਡੀਓ ਨੇ ਤਿੰਨ ਸਾਲ ਦੇ ਗੈਪ ਨਾਲ ਲਗਵਾਇਆ ਕੈਨੇਡਾ ਦਾ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਸਥਾਨਕ ਸ਼ਹਿਰ ਦੇ ਕੋਟਕਪੂਰਾ ਰੋਡ ਉਪਰ ਸਥਿਤ ਇੰਗਲਿਸ਼ ਸਟੂਡੀਓ ਸੰਸਥਾ ਸਟੱਡੀ ਵੀਜ਼ੇ 'ਚ ਇਲਾਕੇ ਦੀ ਮੋਹਰੀ ਸੰਸਥਾ ਬਣ ਗਈ ਹੈ। ਗੈਪ ਅਤੇ ਰਿਫਿਊਜਾਂ ਤੋਂ ਪ੍ਰੇਸ਼ਾਨ ਹੋਏ ਵਿਦਿਆਥੀਆਂ ਦਾ ਬਾਹਰਲੇ ਦੇਸ਼ਾਂ ਵਿਚ ਜਾ ਕੇ ਪੜ੍ਹਾਈ ਕਰਨ ਦੇ ਸੁਪਨਿਆਂ ਨੂੰ ਪੂਰਾ ਕਰ ਰਹੀ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਅਤੇ ਗੌਰਵ ਕਾਲੜਾ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਆਪਣੀਆਂ ਸੇਵਾਵਾਂ ਨੂੰ ਜਾਰੀ ਰੱਖਦੇ ਹੋਏ ਇਸ ਵਾਰ ਮਨਵੀਰ ਕੌਰ ਪੁੱਤਰੀ ਮੁਖਤਿਆਰ ਸਿੰਘ ਵਾਸੀ ਪਿੰਡ ਕੋਟਲਾ ਰਾਏਕਾ ਦਾ ਤਿੰਨ ਸਾਲ ਦੇ ਗੈਪ ਦੇ ਬਾਵਜੂਦ ਕੈਨੇਡਾ ਵਿਚ ਸਥਿਤ ਵੈਸਟਰਨ ਕਮਿਊਨਿਟੀ ਕਾਲਜ ਦਾ ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿਚ ਲਗਵਾ ਕੇ ਦਿੱਤਾ ਹੈ। ਸੰਸਥਾ ਮੁਖੀ ਅਤੇ ਸਟਾਫ ਮੈਂਬਰਾਨ ਨੇ ਵਿਦਿਆਰਥਣ ਅਤੇ ਪਰਵਾਰਕ ਮੈਂਬਰਾਂ ਨੂੰ ਵੀਜ਼ਾ ਕਾਪੀ ਸੌਂਪਦਿਆਂ ਵਧਾਈ ਦਿੱਤੀ ਅਤੇ ਉਜਵਲ ਭਵਿੱਖ ਦੀ ਕਾਮਨਾ ਕੀਤੀ।

ਐਂਬੂਲੈਂਸ ਖਰਾਬ ਹੋਣ ਕਾਰਨ ਲੋਕ ਪ੍ਰੇਸ਼ਾਨ

ਭੀਖੀ (ਧਰਮਵੀਰ ਸ਼ਰਮਾ)-ਸਥਾਨਕ ਜੈ ਮਾਂ ਚਿੰਤਪੁਰਨੀ ਸੇਵਾ ਮੰਡਲ ਭੀਖੀ ਵੱਲੋਂ ਪਿਛਲੇ ਸਮੇ ਦੌਰਾਨ ਨਿਰੰਤਰ ਚੱਲਦੀ ਆ ਰਹੀ ਐਂਬੂਲੈਂਸ ਦੀ ਖਸਤਾ ਹਾਲਤ ਹੋਣ ਕਾਰਨ ਹੁਣ ਖੜ੍ਹ ਚੁੱਕੀ ਹੈ। ਇਲਾਕੇ ਦੀ ਇੱਕੋ ਇੱਕ ਐਂਬੂਲੈਂਸ ਖੜਨ ਕਾਰਨ ਲੋਕਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੰਡਲ ਦੇ ਪ੍ਰਧਾਨ ਗੁਰਜੀਤ ਸਿੰਘ ਬਬਰੇ ਕਾ ਨੇ ਕਿਹਾ ਕਿ ਸਹਿਯੋਗੀ ਸੱਜਣਾਂ ਦੀ ਸਹਾਇਤਾ ਨਾਲ ਹੀ ਪਹਿਲਾਂ ਉਨ੍ਹਾਂ ਦੀ ਸੰਸਥਾ ਵੱਲੋਂ ਇਹ ਐਂਬੂਲੈਂਸ ਚਲਾਈ ਗਈ ਸੀ, ਜੋ ਹਰ ਇੱਕ ਦੇ ਲਈ ਸਹਾਈ ਹੁੰਦੀ ਆਈ ਹੈ, ਹੁਣ ਇਸ ਨੂੰ ਖੜ੍ਹਾਉਣਾ ਪੈ ਗਿਆ। ਉਨ੍ਹਾਂ ਦਾਨੀ ਸੱਜਣਾਂ ਤੇ ਸਮਾਜ ਸੇਵੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਕੰਮ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ ਤਾਂ ਕਿ ਇਲਾਕੇ ਲਈ ਨਵੀਂ ਐਂਬੂਲੈਂਸ ਦਾ ਪ੍ਰਬੰਧ ਕੀਤਾ ਜਾ ਸਕੇ। ਇਸ ਮੌਕੇ ਪ੍ਰਸ਼ੋਤਮ ਗੋਇਲ ਬਿੱਲੂ, ਲਵਜੀਤ ਜੋਨੀ, ਮਾ. ਵਰਿੰਦਰ ਸੋਨੀ, ਰਾਕੇਸ਼ ਸਿੰਗਲਾ, ਅਮਨ ਸ਼ਾਰਦਾ, ਅਸ਼ੋਕ ਸ਼ਰਮਾ, ਨਰੇਸ਼ ਨਾਟੀ, ਟੋਨੀ ਕੁਮਾਰ, ਅਮਨਦੀਪ ਕਾਲੀ ਆਦਿ ਹਾਜ਼ਰ ਸਨ।

ਨਸ਼ੇ ਦੀ ਵਿਕਰੀ ਕਰ ਰਹੇ ਮੈਡੀਕਲ ਸਟੋਰ 'ਤੇ ਛਾਪਾ

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਫਾਜ਼ਿਲਕਾ ਪੁਲਸ ਨੇ ਅੱਜ ਇਕ ਮੈਡੀਕਲ ਸਟੋਰ 'ਤੇ ਛਾਪੇਮਾਰੀ ਕਰਕੇ ਗੈਰ ਕਾਨੂੰਨੀ ਮੈਡੀਸਨ ਬਰਾਮਦ ਕੀਤੀ ਅਤੇ ਮੈਡੀਕਲ ਸੰਚਾਲਕ ਨੂੰ ਹਿਰਾਸਤ 'ਚ ਲੈ ਲਿਆ। ਡੀ ਐਸ ਪੀ ਨਾਰਕੋਟਿਕ ਫਾਜ਼ਿਲਕਾ ਅਤੁੱਲ ਸੋਨੀ ਨੇ ਦੱਸਿਆ ਕਿ ਪੁਲਸ ਨੂੰ ਇਤਲਾਹ ਮਿਲੀ ਸੀ ਕਿ ਇਸ ਮੈਡੀਕਲ ਸਟੋਰ 'ਤੇ ਸਰਕਾਰ ਵਲੋਂ ਪਾਬੰਦੀਸ਼ੁਦਾ ਕੀਤੀ ਹੋਈ ਦਵਾਈ ਪਰੈਗਾ ਕੈਪਸੂਲ ਵਿਕ ਰਹੇ ਹਨ। ਇਥੇ ਇਹ ਕੈਪਸੂਲ ਬੱਚਿਆਂ ਨੂੰ ਵੀ ਵੇਚੇ ਜਾ ਰਹੇ ਸਨ। ਜਿਸ ਕਰਕੇ ਪੁਲਸ ਨੇ ਇਸ ਮੈਡੀਕਲ ਸਟੋਰ 'ਤੇ ਛਾਪੇਮਾਰੀ ਕਰਨ ਤੋਂ ਪਹਿਲਾਂ ਸਿਵਲ ਵਰਦੀ ਵਿਚ ਮੁਲਾਜ਼ਮ ਤੈਨਾਤ ਕੀਤੇ ਗਏ। ਪੁਲਸ ਨੂੰ ਇਹ ਸਪੱਸ਼ਟ ਹੋ ਜਾਣ ਤੇ ਕਿ ਇਥੇ ਪਾਬੰਦੀਸ਼ੁਦਾ ਕੈਪਸੂਲ ਵਿਕ ਰਹੇ ਹਨ ਅਤੇ ਪੁਲਸ ਨੇ ਡਰੱਗ ਇੰਸਪੈਕਟਰ ਨੂੰ ਨਾਲ ਲੈ ਕੇ ਮੈਡੀਕਲ ਦੀ ਚੈਕਿੰਗ ਕੀਤੀ ਗਈ। ਪੁਲਸ ਨੇ 160 ਕੈਪਸੂਲ ਬਰਾਮਦ ਕੀਤੇ ਅਤੇ ਮਾਲਕ ਨੂੰ ਹਿਰਾਸਤ 'ਚ ਲੈ ਲਿਆ। ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਵੀ ਮੌਕੇ 'ਤੇ ਪੁੱਜੇ। ਉਨ੍ਹਾ ਕਿਹਾ ਕਿ ਕਿਸੇ ਵੀ ਤਰ੍ਹਾਂ ਦੇ ਨਸ਼ੇ ਦੀ ਵਿਕਰੀ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਸਾਡੇ ਵਲੋਂ ਪਾਰਟੀ ਵਰਕਰਾਂ ਨੂੰ ਕਹਿ ਦਿੱਤਾ ਗਿਆ ਹੈ ਕਿ ਜਿਥੇ ਕਿਤੇ ਵੀ ਨਸ਼ਾ ਵਿਕਦਾ ਹੈ ਉਸ ਦੀ ਜਾਣਕਾਰੀ ਦੇਣ ਅਤੇ ਕਾਰਵਾਈ ਕਰਵਾਉਣ ਲਈ ਪੁਲਸ ਨੂੰ ਕਹਿਣ।

ਮੁਲਾਜ਼ਮਾਂ ਦੀ ਕੌਮੀ ਕਾਨਫਰੰਸ ਲਈ ਤਿਆਰੀਆਂ ਜ਼ੋਰਾਂ 'ਤੇ : ਦਰਸ਼ਨ ਲੁਬਾਣਾ

ਪਟਿਆਲਾ (ਵਿਜੇ ਕੁਮਾਰ ਸ਼ਰਮਾ) :

page-6-17-(SEP)-2023-G-(BV).qxd 9/16/2023 10:48 PM Page 1

ਦਸਤ-ਉਲਟੀਆਂ ਨਾਲ ਛੇ ਮੌਤਾਂ, ਪੀੜਤ ਪਰਿਵਾਰਾਂ ਦੇ ਹੱਕ 'ਚ ਨਿੱਤਰੀ ਕਿਸਾਨ ਜਥੇਬੰਦੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਅੰਦਰ ਪੈਂਦੇ ਪਿੰਡ ਸ਼ਾਹਪੁਰ ਜਾਜਨ ਵਿੱਚ ਕੁੱਝ ਦਿਨ ਪਹਿਲਾਂ ਦੂਸ਼ਤ ਪਾਣੀ ਪੀਣ ਨਾਲ ਛੇ ਮੌਤਾਂ ਅਤੇ ਸੈਂਕੜੇ ਲੋਕ ਬਿਮਾਰ ਹੋਏ ਸਨ। ਉਸ ਨੂੰ ਲੈ ਕੇ ਅੱਜ ਜਮਹੂਰੀ ਕਿਸਾਨ ਸਭਾ ਸਾਹਮਣੇ ਆਈ ਹੈ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਜਮਹੂਰੀ ਕਿਸਾਨ ਸਭਾ ਦੇ ਪ੍ਰਧਾਨ ਪੁਸ਼ਪਿੰਦਰ ਸਿੰਘ ਅਤੇ ਆਜ਼ਾਦ ਸਿੰਘ ਨੇ ਦੱਸਿਆ ਕਿ ਪਿੰਡ ਸ਼ਾਹਪੁਰ ਜਾਜਨ ਵਿੱਚ ਪਾਣੀ ਵਾਲੀ ਟੈਂਕੀ ਦਾ ਦੂਸ਼ਤ ਪਾਣੀ ਪੀਣ ਨਾਲ ਇਸ ਪਿੰਡ ਵਿੱਚ ਹੁਣ ਤੱਕ ਛੇ ਮੌਤਾਂ ਹੋ ਚੁੱਕੀਆਂ ਹਨ ਅਤੇ ਸੈਂਕੜੇ ਲੋਕ ਬੀਮਾਰ ਹੋਏ ਸਨ। ਉਨ੍ਹਾਂ ਦੱਸਿਆ ਕਿ ਜਿਹੜੇ ਲੋਕਾਂ ਦੀ ਇਸ ਪਾਣੀ ਨੂੰ ਪੀਣ ਨਾਲ ਮੌਤਾਂ ਹੋਈਆਂ ਹਨ ਉਨ੍ਹਾਂ ਦਾ ਜ਼ਿੰਮੇਵਾਰ ਵਾਟਰ ਸਪਲਾਈ ਵਿਭਾਗ ਹੈ ਕਿਉਂਕਿ ਇਸ ਮਹਿਕਮੇ ਵੱਲੋਂ ਪਿਛਲੇ ਕਈ ਸਾਲਾਂ ਤੋਂ ਟੈਂਕੀ ਦੀ ਸਫਾਈ ਨਹੀਂ ਕਰਵਾਈ ਗਈ ਤੇ ਨਾ ਹੀ ਜਿਸ ਜਗ੍ਹਾ ਤੋਂ ਸਪਲਾਈ ਵਾਲੀਆਂ ਪਾਈਪਾਂ ਲੀਕ ਸਨ ਉਨ੍ਹਾਂ ਨੂੰ ਠੀਕ ਕੀਤਾ ਗਿਆ ਸੀ। ਇੰਨੀਆਂ ਮੌਤਾਂ ਹੋਣ ਤੋਂ ਬਾਅਦ ਅੱਜ ਇਹ ਮਹਿਕਮਾ ਹਰਕਤ ਵਿਚ ਆਇਆ ਹੈ। ਅਗਰ ਇਹ ਮਹਿਕਮਾ ਪਹਿਲਾਂ ਗੂੜ੍ਹੀ ਨੀਂਦ ਤੋਂ ਸੁੱਤਾ ਉੱਠਿਆ ਹੁੰਦਾ ਤਾਂ ਜਿਹੜੇ ਲੋਕ ਅੱਜ ਦੁਨੀਆਂ ਤੋਂ ਰੁਖਸਤ ਹੋ ਚੁੱਕੇ ਹਨ ਉਹ ਆਪਣੇ ਪਰਿਵਾਰਾਂ ਵਿੱਚ ਹੋਣੇ ਸਨ। ਉਨ੍ਹਾਂ ਡੀ ਸੀ ਗੁਰਦਾਸਪੁਰ ਅਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਜਿਹੜੇ ਲੋਕ ਇਸ ਭਿਆਨਕ ਬਿਮਾਰੀ ਦਾ ਸ਼ਿਕਾਰ ਹੋਏ ਹਨ ਉਨ੍ਹਾਂ ਦੇ ਪੀੜਤ ਪਰਿਵਾਰਾਂ ਨੂੰ ਉਚਿਤ ਮੁਆਵਜ਼ਾ ਦਿੱਤਾ ਜਾਵੇ ਅਤੇ ਜਿਹੜੇ ਅਧਿਕਾਰੀਆਂ ਨੇ ਲਾਪਰਵਾਹੀ ਕੀਤੀ ਹੈ ਉਨ੍ਹਾਂ 'ਤੇ ਸਖਤ ਕਾਰਵਾਈ ਕੀਤੀ ਜਾਵੇ। ਜੇਕਰ ਪ੍ਰਸ਼ਾਸਨ ਨੇ ਜਲਦੀ ਕੋਈ ਠੋਸ ਫੈਸਲਾ ਨਹੀਂ ਲਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਜਥੇਬੰਦੀ ਤਿੱਖਾ ਸੰਘਰਸ਼ ਵਿੱਢੇਗੀ। ਇਸ ਸੰਬੰਧੀ ਜਦੋਂ ਸਾਡੇ ਵੱਲੋਂ ਆਪ ਹਲਕਾ ਆਗੂ ਗੁਰਦੀਪ ਸਿੰਘ ਰੰਧਾਵਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਸ ਸਬੰਧੀ ਡਿਪਾਰਟਮੈਂਟ ਇਨਕੁਆਰੀ ਚੱਲ ਰਹੀ ਹੈ। ਦੋਸ਼ੀ ਪਾਏ ਜਾਣ ਵਾਲੇ ਅਧਿਕਾਰੀਆਂ ਨੂੰ ਬਕਸਿਆਂ ਨਹੀਂ ਜਾਵੇਗਾ। ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ ਸਰਕਾਰ ਨੂੰ ਸਿਫਾਰਸ਼ ਕੀਤੀ ਜਾਵੇਗੀ। ਜਦੋਂ ਡੀਸੀ ਗੁਰਦਾਸਪੁਰ ਹਿਮਾਂਸ਼ੂ ਅਗਰਵਾਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਸ ਮਾਮਲੇ ਸੰਬੰਧੀ ਵੱਖ-ਵੱਖ ਅਧਿਕਾਰੀਆਂ ਅਤੇ ਅਸਿਸਟੈਂਟ ਕਮਿਸ਼ਨਰ ਜਨਰਲ ਸਚਿਨ ਨੂੰ ਡਿਪਾਰਟਮੈਂਟਲ ਇਨਕੁਆਰੀ ਕਰਨ ਦੀ ਡਿਊਟੀ ਲਾਈ ਗਈ ਹੈ। ਰਿਪੋਰਟ ਆਉਣ ਉਪਰੰਤ ਦੋਸ਼ੀ ਪਾਏ ਜਾਣ ਵਾਲੇ ਅਧਿਕਾਰੀਆਂ 'ਤੇ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ ਸਰਕਾਰ ਨੂੰ ਲਿਖ ਕੇ ਭੇਜਿਆ ਜਾਵੇਗਾ। ਇਸ ਮੌਕੇ ਬਲਵਿੰਦਰ ਸਿੰਘ ਸਹੁਰਿਆਂ, ਗੁਰਭੇਜ ਸਿੰਘ, ਸੁੱਚਾ ਸਿੰਘ, ਬਾਬਾ ਮੇਲਾ ਸਿੰਘ, ਨਿਸ਼ਾਨ ਸਿੰਘ, ਨਰਿੰਦਰ ਸਿੰਘ, ਡਾ: ਜਸਬੀਰ ਸਿੰਘ, ਲਖਵਿੰਦਰ ਸਿੰਘ, ਸੁੱਖਾ ਸਿੰਘ, ਹਰਜੀਤ ਸਿੰਘ, ਮੱਖਣ ਸਿੰਘ ਨਰਿੰਦਰ ਸਿੰਘ, ਕੁਲਜੀਤ ਸਿੰਘ ਆਦਿ ਕਿਸਾਨ ਆਗੂ ਹਾਜ਼ਰ ਸਨ।

2 ਅਕਤੂਬਰ ਦੀ ਰੈਲੀ ਵਿੱਚ ਹੋਵਾਂਗੇ ਵੱਡੀ ਗਿਣਤੀ 'ਚ ਸ਼ਾਮਲ : ਨਿਰਮਲ ਸੰਗਤਪੁਰ

ਫਿਲੌਰ (ਨਿਰਮਲ) ਸਿਵਲ ਹਸਪਤਾਲ ਬਚਾਉ ਸੰਘਰਸ਼ ਕਮੇਟੀ ਦੀ 50 ਦਿਨ 50 ਪਿੰਡ 50 ਮੀਟਿੰਗਾਂ ਪ੍ਰੋਗਰਾਮ ਤਹਿਤ ਮੀਟਿੰਗ ਪਿੰਡ ਸੰਗਤਪੁਰ ਵਿਖੇ ਦਰਬਾਰ ਬਾਬਾ ਗੁੱਗਾ ਜਾਹਰ ਪੀਰ ਜੀ ਸਕੰਡੀ ਵਿਖੇ ਹੋਈ । ਜਿਸ ਦੀ ਅਗਵਾਈ ਸਰਪੰਚ ਜੋਗਿੰਦਰ ਰਾਮ ਅਤੇ ਨੌਜਵਾਨ ਆਗੂ ਅਮਨਦੀਪ , ਕਮਲਦੀਪ , ਨਵਜੋਤ ਪਾਲ ,ਮਨਜਿੰਦਰ ਕੁਮਾਰ ,ਗੁਰਸੇਵਕ ,ਹਰਸਦੀਪ ,ਪਵਨਦੀਪ ਨੇ ਕੀਤੀ । ਮੀਟਿੰਗ ਵਿੱਚ ਸੰਘਰਸ਼ ਕਮੇਟੀ ਦੇ ਆਗੂ ਜਰਨੈਲ ਫਿਲੌਰ,ਪਰਸੋਤਮ ਫਿਲੌਰ , ਮਾਸਟਰ ਹੰਸ ਰਾਜ ,ਵਿਸ਼ਾਲ ਖਹਿਰਾ ਸ਼ਾਮਿਲ ਹੋਏ । ਆਗੂਆਂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡਾ ਦੇ ਗੁਰੂਆਂ ਪੀਰਾਂ ਰਹਿਬਰਾਂ ਦੀ ਧਰਤੀ ਹੈ । ਸਭ ਨੇ ਆਪਣੇ ਤਰੀਕੇ ਨਾਲ ਸਮਾਜ ਵਿੱਚ ਧਰਤੀ ਦੇ ਬਾਸ਼ਿੰਦਿਆਂ ਦਾ ਜੀਵਨ ਪੱਧਰ ਉਪਰ ਚੁੱਕਣ ਲਈ ਸੰਘਰਸ਼ ਕੀਤਾ ।

ਉਨ੍ਹਾਂ ਕਿਹਾ ਕਿ ਅੱਜ ਇਲਾਜ ਸਾਡੇ ਕੋਲੋਂ ਲਗਾਤਾਰ ਦੂਰ ਹੁੰਦਾ ਜਾ ਰਿਹਾ ਹੈ । ਪ੍ਰਾਈਵੇਟ ਹਸਪਤਾਲਾਂ ਦੀ ਲੁੱਟ ਤੋਂ ਬਚਣ ਲਈ ਸਰਕਾਰੀ ਹਸਪਤਾਲ ਬਚਾਉਣੇ ਚਾਹੀਦੇ ਹਨ । ਉਪਰੰਤ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ ਅਮਨਦੀਪ , ਕਮਲਦੀਪ , ਮਨਜਿੰਦਰ ਕੁਮਾਰ ,ਗੁਰਸੇਵਕ ,ਹਰਸਦੀਪ ,ਪਵਨਦੀਪ ਪਿਆਰਾ ਲਾਲ ,ਅਵਤਾਰ ਚੰਦ ,ਸਮੀ ,ਨਿਰਮਲ ,ਸਤਨਾਮ ਸਿੰਘ,ਕਸਮੀਰ ਕੌਰ ,ਸੱਤਿਆ ,ਪ੍ਰਗਾਸੋ ਕਮਲਾ ਰਾਣੀ ,ਮੀਨਾ ਰਾਣੀ ,ਸੋਨੀਆ ,ਕਸਮੀਰ ਕੌਰ ,ਸੁਰਜੀਤ ਕੌਰ ਪਰਮਜੀਤ ਕੌਰ ,ਦੀਸ਼ੋ ,ਕੁਸ਼ੱਲਿਆ ਦੇਵੀ , ਨੰਜੋ ਚੁਣੇ ਗਏ।

ਪਿੰਡ ਸੰਗਤਪੁਰ ਵਲੋਂ ਇਸ ਅੰਦੋਲਨ ਵਿੱਚ ਸਾਥ ਦੇਣ ਦਾ ਭਰੋਸਾ ਦਵਾਇਆ ਤੇ ਕਿਹਾ ਕਿ 2 ਅਕਤੂਬਰ ਦੀ ਤਹਿਸੀਲ ਪੱਧਰੀ ਰੈਲੀ ਵਿੱਚ ਸੰਗਤਪੁਰ ਵਾਸੀ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ।

ਪੰਜਾਬ ਦੇ ਐਡਵੋਕੇਟ ਜਨਰਲ ਵੱਲੋਂ ਏ ਜੀ ਸੀ ਐੱਮ ਐੱਸ ਲਾਂਚ

ਚੰਡੀਗੜ੍ਹ : ਐਡਵੋਕੇਟ ਜਨਰਲ ਪੰਜਾਬ ਸ੍ਰੀ ਵਿਨੋਦ ਘਈ ਨੇ ਪੰਜਾਬ ਭਵਨ ਚੰਡੀਗੜ੍ਹ ਵਿਖੇ ਐਡਵੋਕੇਟ ਕੇਸ ਮੈਨੇਜਮੈਂਟ ਸਿਸਟਮ ਪੰਜਾਬ (ਏ.ਜੀ.ਸੀ.ਐੱਮ.ਐੱਸ. ਪੰਜਾਬ) ਫੇਜ 1 ਅਤੇ 2 ਦੇ ਲਾਂਚ ਕੀਤਾ, ਜਿਸ ਦੇ ਹੋਂਦ 'ਚ ਆਉਣ ਨਾਲ ਕਾਨੂੰਨੀ ਖੇਤਰ ਵਿੱਚ ਕਾਨੂੰਨ ਦੀਆਂ ਗੁੰਝਲਦਾਰ ਪ੍ਰਕਿਰਿਆਵਾਂ ਦਾ ਤੁਰੰਤ ਹੱਲ ਕੱਢਿਆ ਜਾ ਸਕੇਗਾ।

ਐਡਵੋਕੇਟ ਜਨਰਲ ਪੰਜਾਬ , ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਬੁਲਾਰੇ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਏ.ਜੀ.ਸੀ.ਐੱਮ.ਐੱਸ. ਪੰਜਾਬ ਲੀਗਲ ਕੇਸ ਐਡਮਿਨਸਟ੍ਰੇਸਨ ਦੇ ਖੇਤਰ ਵਿੱਚ ਹੋਈ ਬੇਮਿਸਾਲ ਤਰੱਕੀ ਨੂੰ ਦਰਸਾਉਂਦਾ ਹੈ। ਇਸ ਪ੍ਰਣਾਲੀ ਦੀਆਂ ਵਿਸ਼ੇਸਤਾਵਾਂ ਵਿੱਚ ਕੰਮਕਾਜੀ ਸਮਰੱਥਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਧਾਉਣਾ, ਤਾਲਮੇਲ ਨੂੰ ਉਤਸਾਹਿਤ ਕਰਨਾ ਅਤੇ ਪੰਜਾਬ ਦੇ ਕਾਨੂੰਨੀ ਖੇਤਰ ਵਿੱਚ ਕਾਨੂੰਨ ਦੀਆਂ ਗੁੰਝਲਦਾਰ ਪ੍ਰਕਿਰਿਆਵਾਂ ਸਬੰਧੀ ਤੁਰੰਤ ਹੱਲ ਪ੍ਰਦਾਨ ਕਰਨਾ ਹੈ।

ਬੁਲਾਰੇ ਅਨੁਸਾਰ ਏ.ਜੀ.ਸੀ.ਐੱਮ.ਐੱਸ. ਪੰਜਾਬ ਫੇਜ 1 ਅਤੇ 2 ਵਿਚ ਆਟੋਮੇਟਿਡ ਡਾਟਾ ਸਿੰਕ੍ਰੋਨਾਈਜੇਸਨ: ਏ.ਜੀ.ਸੀ.ਐੱਮ.ਐੱਸ. ਪੰਜਾਬ ਰੀਅਲ-ਟਾਈਮ ਡਾਟਾ ਸਿੰਕ੍ਰੋਨਾਈਜੇਸਨ ਦੀ ਸਹੂਲਤ ਪ੍ਰਦਾਨ ਕਰਦਾ ਹੈ ਜੋ ਕੇਸ ਦੀ ਸਥਿਤੀ, ਸੁਣਵਾਈ ਦੇ ਸਡਿਊਲ ਅਤੇ ਫੈਸਲੇ ਸਬੰਧੀ ਤੁਰੰਤ ਜਾਣਕਾਰੀ ਪ੍ਰਦਾਨ ਕਰਨ ਦੀ ਪ੍ਰਕਿਰਿਆ ਨੂੰ ਸੁਖਾਲਾ ਬਣਾਉਂਦਾ ਹੈ। ਇਹ ਦਸਤਾਵੇਜ਼ਾਂ ਦੇ ਕੁਸ਼ਲ ਪ੍ਰਬੰਧਨ ਲਈ ਇੱਕ ਸੁਰੱਖਿਅਤ ਅਤੇ ਸੰਗਠਿਤ ਪ੍ਰਣਾਲੀ ਹੈ, ਜੋ ਕੇਸ ਨਾਲ ਸਬੰਧਤ ਦਸਤਾਵੇਜਾਂ ਤੱਕ ਆਸਾਨ ਪਹੁੰਚ ਪ੍ਰਦਾਨ ਕਰਦਿਆਂ ਡੇਟਾ ਪ੍ਰਾਪਤੀ ਪ੍ਰੋਟੋਕੋਲ ਨੂੰ ਅਨੁਕੂਲ ਬਣਾਉਂਦੀ ਹੈ। ਜਿਕਰਯੋਗ ਹੈ ਕਿ ਇਹ ਪ੍ਰਣਾਲੀ ਕਾਨੂੰਨੀ ਭਾਈਚਾਰਿਆਂ ਦਰਮਿਆਨ ਮਜਬੂਤ ਤਾਲਮੇਲ ਨੂੰ ਉਤਸਾਹਿਤ ਕਰਦਿਆਂ ਢੁਕਵੀਂ ਜਾਣਕਾਰੀ, ਲੀਗਲ ਰਿਚਰਚ ਅਤੇ ਕੇਸ ਨਾਲ ਸਬੰਧਤ ਰਣਨੀਤੀਆਂ ਦੇ ਨਿਰਵਿਘਨ ਪ੍ਰਸਾਰ ਦੀ ਸਹੂਲਤ ਪ੍ਰਦਾਨ ਕਰਦਾ ਹੈ। ਬਿਹਤਰ ਡਾਟਾ ਸੁਰੱਖਿਆ ਪ੍ਰੋਟੋਕੋਲ ਰਾਹੀਂ ਇਹ ਪ੍ਰਣਾਲੀ ਕਾਨਫੀਡੈਂਸ਼ੀਅਲ ਕਾਨੂੰਨੀ ਜਾਣਕਾਰੀ ਨੂੰ ਬਰਕਰਾਰ ਰੱਖਦਿਆਂ ਕਾਰਗਰ ਸੁਰੱਖਿਆ ਵਿਧੀਆਂ ਰਾਹੀਂ ਡਾਟਾ ਸੁਰੱਖਿਆ ਨੂੰ ਮਜਬੂਤ ਕਰਦੀ ਹੈ। ਕਾਨੂੰਨ ਦੇ ਸਮੂਹ ਅਧਿਕਾਰੀਆਂ ਤੱਕ ਜਾਣਕਾਰੀ ਦੀ ਸੁਵਿਧਾਜਨਕ ਅਤੇ ਆਸਾਨ ਪਹੁੰਚ ਲਈ ਇੱਕ ਸਮਰਪਿਤ ਐਪਲੀਕੇਸਨ ਵੀ ਉਪਲੱਬਧ ਹੈ।

ਐਡਵੋਕੇਟ ਜਨਰਲ ਸ੍ਰੀ ਵਿਨੋਦ ਘਈ ਨੇ ਆਪਣੇ ਸੰਬੋਧਨ ਦੌਰਾਨ ਉੱਘੀਆਂ ਸ਼ਖਸੀਅਤਾਂ ਵੱਲੋਂ ਪਾਏ ਵੱਡਮੁੱਲੇ ਯੋਗਦਾਨ ਲਈ ਉਨ੍ਹਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਪਲੇਟਫਾਰਮ ਪੰਜਾਬ ਦੇ ਕਾਨੂੰਨੀ ਖੇਤਰ ਵਿੱਚ ਕ੍ਰਾਂਤੀਕਾਰੀ ਸੁਧਾਰਾਂ ਦੀ ਨਿਸ਼ਾਨਦੇਹੀ ਕਰਦਾ ਹੈ।

ਏ.ਜੀ.ਸੀ.ਐੱਮ.ਐੱਸ. ਪੰਜਾਬ ਫੇਜ 1 ਅਤੇ 2 ਸਾਡੇ ਕਾਨੂੰਨ ਦੇ ਅਧਿਕਾਰੀਆਂ ਨੂੰ ਗੁੰਝਲਦਾਰ ਮੁਕੱਦਮੇਬਾਜੀ ਦਾ ਸੁਚੱਜੇ ਢੰਗ ਨਾਲ ਨਿਬੇੜਾ ਕਰਨ ਦੀ ਸਹੂਲਤ ਪ੍ਰਦਾਨ ਕਰੇਗਾ। ਉਨ੍ਹਾਂ ਕਿਹਾ ਕਿ ਇਹ ਨਿਆਂ ਦੇਣ ਦੀ ਪ੍ਰਕਿਰਿਆ ਨੂੰ ਤੇਜ਼ ਕਰਦਿਆਂ ਆਧੁਨਿਕੀਕਰਨ ਦੀ ਸ਼ੁਰੂਆਤ ਲਈ ਸਾਡੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਇਸ ਉਦਘਾਟਨੀ ਸਮਾਰੋਹ ਵਿੱਚ ਐਡਵੋਕੇਟ ਜਨਰਲ ਦੇ ਦਫਤਰ ਦੇ ਸਮੂਹ ਮਾਣਯੋਗ ਲਾਅ ਅਫਸਰਾਂ , ਸੀਨੀਅਰ ਐਡੀਸਨਲ ਐਡਵੋਕੇਟ ਜਨਰਲ ਸ੍ਰੀ ਆਈ.ਪੀ.ਐਸ ਧੰਨਾ, ਐਡੀਸਨਲ ਐਡਵੋਕੇਟ ਜਨਰਲ ਅਮਨ ਪਾਲ, ਆਈ.ਟੀ ਕਮੇਟੀ ਦੇ ਅਨੁ ਪਾਲ ਡੀ.ਏ.ਜੀ.ਪੰਜਾਬ , ਅਭੈ ਪਾਲ ਗਿੱਲ ਡੀ.ਏ.ਜੀ.ਪੰਜਾਬ, ਅਰਜੁਨ ਸਾਂ ?ਓਰਾਨ ਏ.ਏ.ਜੀ.ਪੰਜਾਬ ਅਤੇ ਅਰੁਣ ਗੁਪਤਾ ਏ.ਏ.ਜੀ.ਪੰਜਾਬ, ਪ੍ਰੋਵਾਕਿਲ ਦੇ ਸੰਸਥਾਪਕ ਜੈਦੀਪ ਪਠਾਨੀਆ ਅਤੇ ਏ.ਜੀ.ਸੀ.ਐੱਮ.ਐੱਸ. ਪਾਰਟਨਰ ਸਾਸਵਤ ਸਿੱਕਾ ਹਾਜ਼ਰ ਸਨ।

ਸਰਕਾਰ ਪੰਜਾਬ ਦੇ ਕਿਸਾਨਾਂ ਦੀ ਬੇਹਤਰੀ ਲਈ ਵਚਨਬੱਧ: ਭੁੱਲਰ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਹਾੜੀ ਦੀਆਂ ਫਸਲਾਂ ਸਬੰਧੀ ਤਕਨੀਕੀ ਜਾਣਕਾਰੀ ਦੇਣ ਲਈ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਜਸਵੰਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਤਰਨਤਾਰਨ ਵੱਲੋਂ ਸਥਾਨਕ ਆਰ. ਕੇ. ਰਿਜ਼ੌਰਟ ਵਿਖੇ ਸੀਡੀਪੀ ਸਕੀਮ ਤਹਿਤ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ ਜਿਸ ਦਾ ਉਦਘਾਟਨ ਡਿਪਟੀ ਕਮਿਸ਼ਨਰ ਤਰਨਤਾਰਨ ਸੰਦੀਪ ਕੁਮਾਰ ਆਈ. ਏ. ਐਸ. ਨੇ ਕੀਤਾ। ਉਦਘਾਟਨ ਉਪਰੰਤ ਡਿਪਟੀ ਕਮਿਸ਼ਨਰ ਤਰਨਤਾਰਨ ਨੇ ਇਕੱਤਰ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕਰਦਿਆਂ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਾਉਣ ਸਬੰਧੀ ਪ੍ਰਣ ਦੁਆਇਆ। ਇਸ ਮੌਕੇ ਮੁੱਖ ਮਹਿਮਾਨ ਪੰਜਾਬ ਦੇ ਕੈਬਿਨਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਬੇਹਤਰੀ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਸੰਜੀਦਗੀ ਨਾਲ ਲੈਂਦਿਆਂ ਭਗਵੰਤ ਮਾਨ ਸਰਕਾਰ ਨੇ ਨਹਿਰੀ ਪਾਣੀ ਨੂੰ ਹਰ ਖੇਤ ਵਿੱਚ ਪਹੁੰਚਾਣ ਲਈ ਕ੍ਰਾਂਤੀਕਾਰੀ ਫੈਸਲਾ ਲਿਆ ਹੈ, ਉੱਥੇ ਝੋਨੇ ਦੇ ਬਦਲ ਵਜੋਂ ਘੱਟ ਪਾਣੀ ਲੈਣ ਵਾਲੀਆਂ ਫਸਲਾਂ ਬਾਸਮਤੀ, ਮੱਕੀ ਅਤੇ ਨਰਮੇ ਦੀ ਖੇਤੀ ਲਈ ਵਿਸ਼ੇਸ਼ ਉਪਰਾਲੇ ਕੀਤੇ ਹਨ, ਜਿਸ ਸਦਕਾ ਇਸ ਸਾਲ ਬਾਸਮਤੀ ਹੇਠ ਰਕਬਾ 21 ਪ੍ਰਤੀਸ਼ਤ ਵਧਿਆ ਹੈ। ਸਰਕਾਰ ਵੱਲੋਂ ਮਾਲਵਾ ਬੈਲਟ ਵਿੱਚ ਨਰਮੇ ਦੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ 33 ਪ੍ਰਤੀਸ਼ਤ ਸਬਸਿਡੀ ਤੇ ਬੀਜ ਮੁਹੱਈਆ ਕਰਵਾ ਕੇ ਉਨ੍ਹਾਂ ਦੇ ਖਾਤਿਆਂ ਵਿੱਚ 17 ਕਰੋੜ ਦੀ ਰਕਮ ਪਾਈ ਜਦਕਿ ਸੂਬੇ ਵਿੱਚ ਫਸਲੀ ਵਿਭਿੰਨਤਾ ਤਹਿਤ ਮੱਕੀ ਨੂੰ ਉਤਸਾਹਿਤ ਕਰਨ ਲਈ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਸੌ ਰੁਪਇਆ ਸਬਸਿਡੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਨੂੰ ਪ੍ਰੋਤਸਾਹਨ ਕਰਨ ਲਈ ਕਿਸਾਨਾਂ ਨੂੰ ਪਿਛਲੇ ਸਾਲ ਤੋਂ 1500 ਰੁਪਏ ਪ੍ਰਤੀ ਏਕੜ ਦਿੱਤੇ ਜਾ ਰਹੇ ਹਨ ਜਿਸ ਤਹਿਤ ਪਿਛਲੇ ਸਾਲ ਪੰਜਾਬ ਵਿੱਚ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਦੇ ਖਾਤਿਆਂ ਵਿੱਚ ਪੰਝੀ ਕਰੋੜ ਰੁਪਏ ਪਾਏ ਗਏ ਜਦਕਿ ਇਸ ਸਾਲ 75 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਜ਼ਮੀਨ ਦੀ ਉਪਜਾਊ ਸ਼ਕਤੀ ਬਣਾਏ ਰੱਖਣ ਅਤੇ ਵਾਤਾਵਰਣ ਨੂੰ ਪ੍ਰਦੂਸ਼ਤ ਹੋਣ ਤੋਂ ਰੋਕਣ ਲਈ ਫਸਲੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਜਿੱਥੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਕੈਂਪ ਲਗਾਏ ਜਾ ਰਹੇ ਹਨ ਉਥੇ ਸਰਕਾਰ ਵੱਲੋਂ 50 ਤੋਂ 80 ਪ੍ਰਤੀਸ਼ਤ ਸਬਸਿਡੀ ਤੇ ਮਸ਼ੀਨਾਂ ਵੀ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਜਿਸ ਤਹਿਤ ਪਿਛਲੇ ਸਾਲ ਭਗਵੰਤ ਮਾਨ ਸਰਕਾਰ ਨੇ ਤਰਨਤਾਰਨ ਜ਼ਿਲ੍ਹੇ ਅੰਦਰ 13 ਕਰੋੜ ਰੁਪਏ ਦੀ ਸਬਸਿਡੀ ਮਸੀਨਰੀ ਤੇ ਦਿੱਤੀ ਉਥੇ ਇਸ ਸਾਲ ਲਗਭਗ 15 ਕਰੋੜ ਦੀ ਸਬਸਿਡੀ ਮਸੀਨਰੀ ਤੇ ਦੇਣ ਦਾ ਟੀਚਾ ਹੈ। ਇਸ ਦੌਰਾਨ ਵਿਸ਼ੇਸ਼ ਤੌਰ ਤੇ ਪਹੁੰਚੇ ਐਮਐਲਏ ਡਾ. ਕਸ਼ਮੀਰ ਸਿੰਘ ਸੋਹਲ ਅਤੇ ਐਮਐਲਏ ਮਨਜਿੰਦਰ ਸਿੰਘ ਲਾਲਪੁਰਾ ਨੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਅਧਿਕਾਰੀ, ਕਰਮਚਾਰੀਆਂ ਵੱਲੋਂ ਲਗਾ

17-Sep-PAGE- 7 qxd.qxd 9/16/2023 10:47 PM Page 1

ਮੁਆਵਜ਼ੇ ਤੇ ਮੰਨੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ 16 ਜਥੇਬੰਦੀਆਂ ਵੱਲੋਂ 28 ਦੇ ਰੇਲ ਧਰਨੇ ਸੰਬੰਧੀ ਮੀਟਿੰਗਾਂ

ਕਿਲੀ ਪਿੰਡ ਦੇ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਮੀਟਿੰਗ ਕਰਦੇ ਹੋਏ ਕਿਸਾਨ ਆਗੂ

ਸ਼ਾਹਕੋਟ/ਮਲਸੀਆਂ (ਗਿਆਨ ਸੈਦਪੁਰੀ, ਰੀਨਾ ਸ਼ਰਮਾ, ਯੋਗੇਸ਼)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਜਲੰਧਰ ਪ੍ਰਧਾਨ ਗੁਰਮੇਲ ਸਿੰਘ ਰੇੜਵਾਂ ਅਤੇ ਜ਼ਿਲ੍ਹਾ ਸਕੱਤਰ ਜਰਨੈਲ ਸਿੰਘ ਰਾਮੇ ਦੀ ਅਗਵਾਈ ਵਿੱਚ ਸ਼ਾਹਕੋਟ ਜ਼ੋਨ ਦੇ ਪਿੰਡਾਂ ਦੀਆਂ ਮੀਟਿੰਗਾਂ ਕ੍ਰਮਵਾਰ ਪਿੰਡ ਹੇਰਾਂ, ਰੇੜਵਾਂ, ਨਵਾਂ ਪਿੰਡ ਅਕਾਲੀਆਂ, ਰਾਮੇ, ਪੱਤੋ ਕਲਾਂ, ਕਿਲੀ, ਬਾਹਮਣੀਆਂ, ਚੱਕ ਬਾਹਮਣੀਆਂ ਵਿਖੇ ਹੋਈਆਂ। ਮੀਟਿੰਗਾਂ ਵਿੱਚ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਅਤੇ ਸੂਬਾ ਆਗੂ ਸਲਵਿੰਦਰ ਸਿੰਘ ਜਾਣੀਆਂ ਉਚੇਚੇ ਤੌਰ 'ਤੇ ਪੁੱਜੇ। ਵੱਖ ਵੱਖ ਥਾਵਾਂ 'ਤੇ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਸੂਬਾ ਆਗੂ ਸਲਵਿੰਦਰ ਸਿੰਘ ਜਾਣੀਆਂ, ਜ਼ਿਲ੍ਹਾ ਪ੍ਰਧਾਨ ਗੁਰਮੇਲ ਸਿੰਘ ਰੇੜਵਾਂ, ਜ਼ਿਲ੍ਹਾ ਪ੍ਰੈੱਸ ਸਕੱਤਰ ਹਰਪ੍ਰੀਤ ਸਿੰਘ ਕੋਟਲੀ ਗਾਜਰਾਂ, ਜ਼ਿਲ੍ਹਾ ਖਜ਼ਾਨਚੀ ਜਗਦੀਸ਼ ਪਾਲ ਸਿੰਘ ਚੱਕ ਬਾਹਮਣੀਆਂ, ਜ਼ਿਲ੍ਹਾ ਸਕੱਤਰ ਜਰਨੈਲ ਸਿੰਘ ਰਾਮੇ ਅਤੇ ਹੋਰ ਆਗੂਆਂ ਨੇ ਕਿਹਾ ਕਿ ਪੂਰੇ ਉੱਤਰੀ ਭਾਰਤ ਵਿੱਚ ਮੀਂਹ ਅਤੇ ਹੜ੍ਹਾਂ ਕਾਰਨ ਭਾਰੀ ਤਬਾਹੀ ਹੋਈ ਹੈ। ਜਿਸ ਵਿੱਚ ਫਸਲਾਂ ਅਤੇ ਕਿਸਾਨਾਂ ਮਜ਼ਦੂਰਾਂ ਦਾ ਬਹੁਤ ਨੁਕਸਾਨ ਹੋਇਆ ਹੈ। ਇਸ ਵਿੱਚ ਮੂਲ ਰੂਪ ਵਿੱਚ ਸਰਕਾਰਾਂ ਹੀ ਜ਼ਿੰਮੇਵਾਰ ਹਨ ਕਿਉਂਕਿ ਸਰਕਾਰ ਨੇ ਸਮਾਂ ਰਹਿੰਦੇ ਪਾਣੀ ਦੇ ਕੁਦਰਤੀ ਸਰੋਤਾਂ ਦਾ ਪੁਖਤਾ ਪ੍ਰਬੰਧ ਨਹੀਂ ਕੀਤਾ ਅਤੇ ਦਰਿਆਵਾਂ ਦੇ ਬੰਨ੍ਹਾਂ ਨੂੰ ਦਰੁਸਤ ਨਹੀਂ ਕੀਤਾ। ਸਰਕਾਰ ਦਾ ਧਿਆਨ ਕੇਵਲ ਮਾਈਨਿੰਗ ਕਰਕੇ ਆਪਣੇ ਚਹੇਤਿਆਂ ਨੂੰ ਫਾਇਦਾ ਪਹੁੰਚਾਉਣ ਵੱਲ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਫਸਲਾਂ ਦੇ ਖਰਾਬੇ ਦਾ 50 ਹਜ਼ਾਰ ਪ੍ਰਤੀ ਏਕੜ ਦੇ ਹਿਸਾਬ ਨਾਲ, ਪਸ਼ੂ ਧਨ ਦੀ ਹਾਨੀ 'ਤੇ ਇਕ ਲੱਖ, ਜਿਸ ਦਾ ਘਰ ਢੇਰੀ ਹੋਇਆ ਉਸ ਨੂੰ 5 ਲੱਖ, ਜੀਅ ਦੀ ਮੌਤ 'ਤੇ ਦਸ ਲੱਖ ਅਤੇ ਜਿਹੜੇ ਖੇਤਾਂ ਵਿੱਚ ਮਿੱਟੀ ਪੈ ਗਈ ਹੈ ਉੱਥੇ ਮਾਇਨਿੰਗ ਦਾ ਹੱਕ ਕਿਸਾਨ ਨੂੰ ਦਿੱਤਾ ਜਾਵੇ। ਡਾ. ਸਵਾਮੀਨਾਥਨ ਰਿਪੋਰਟ ਲਾਗੂ ਕੀਤੀ ਜਾਵੇ, ਧੜੱਲੇ ਨਾਲ ਚੱਲ ਰਹੇ ਨਸ਼ਿਆਂ ਦੇ ਕਾਰੋਬਾਰ ਨੂੰ ਨੱਥ ਪਾਈ ਜਾਵੇ, ਲਖੀਮਪੁਰ ਖੀਰੀ ਦੇ ਸ਼ਹੀਦਾਂ ਨੂੰ ਇਨਸਾਫ ਦਿੱਤਾ ਜਾਵੇ ਅਤੇ ਦੋਸ਼ੀ ਜੇਲਾਂ ਵਿੱਚ ਡੱਕੇ ਜਾਣ, ਚਿਪ ਵਾਲੇ ਮੀਟਰ ਲਗਾਉਣੇ ਬੰਦ ਕੀਤੇ ਜਾਣ, ਅਬਾਦਕਾਰਾਂ ਨੂੰ ਪੱਕੇ ਮਾਲਕੀ ਹੱਕ ਦਿੱਤੇ ਜਾਣ। ਇਨ੍ਹਾਂ ਮੰਗਾਂ ਨੂੰ ਲੈ ਕੇ 28 ਸਤੰਬਰ ਨੂੰ ਪੰਜਾਬ ਭਰ ਵਿੱਚ 16 ਜਥੇਬੰਦੀਆਂ ਵੱਲੋਂ ਵੱਖ ਵੱਖ ਥਾਵਾਂ 'ਤੇ ਸਾਂਝੇ ਤੌਰ 'ਤੇ ਰੇਲਾਂ ਦੇ ਚੱਕੇ ਜਾਮ ਕੀਤੇ ਜਾਣਗੇ ਜਿਸ ਵਿੱਚ ਪੰਜਾਬ ਭਰ ਤੋਂ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ, ਬੀਬੀਆਂ, ਬੱਚੇ, ਬਜ਼ੁਰਗ ਹਿੱਸਾ ਲੈਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀਬੀ ਪਰਮਜੀਤ ਕੌਰ, ਨਿੰਦਰ ਕੌਰ, ਗੁਰਬਖਸ਼ ਕੌਰ, ਕਰਮ ਸਿੰਘ, ਜੁਝਾਰ ਸਿੰਘ ਰੇੜਵਾਂ, ਤੇਜਾ ਸਿੰਘ, ਗੁਰਦਿਆਲ ਸਿੰਘ ਰਾਮੇ, ਸੁਖਦੇਵ ਸਿੰਘ, ਹਰਫੂਲ ਸਿੰਘ, ਮੰਗਲ ਸਿੰਘ, ਬਲਜਿੰਦਰ ਸਿੰਘ ਰਾਜੇਵਾਲ, ਸੁਖਜਿੰਦਰ ਸਿੰਘ ਹੇਰਾਂ, ਸਵਰਨ ਸਿੰਘ ਕਿਲੀ, ਨਿਰਮਲ ਸਿੰਘ, ਸੁਖਜਿੰਦਰ ਸਿੰਘ ਨਵਾਂਪਿੰਡ ਅਕਾਲੀਆਂ, ਪਰਮਜੀਤ ਸਿੰਘ, ਜਰਨੈਲ ਸਿੰਘ ਬਾਹਮਣੀਆਂ, ਰਵਿੰਦਰ ਪਾਲ ਸਿੰਘ, ਸੁਖਵਿੰਦਰ ਸਿੰਘ ਪੱਤੋ ਕਲਾਂ, ਜਗਤਾਰ ਸਿੰਘ, ਬਲਰਾਜ ਸਿੰਘ ਚੱਕ ਬਾਹਮਣੀਆਂ ਅਤੇ ਪਿੰਡਾਂ ਦੇ ਕਿਸਾਨ, ਮਜ਼ਦੂਰ ਅਤੇ ਬੀਬੀਆਂ ਹਾਜ਼ਰ ਸਨ।

ਦਯਾਨੰਦ ਚੇਤਨਾ ਮੰਚ ਨੇ ਸੰਸਕ੍ਰਿਤ ਦਿਵਸ ਮਨਾਇਆ

ਜਲੰਧਰ (ਸ਼ੈਲੀ ਐਲਬਰਟ)-ਪਿਛਲੇ ਦਿਨੀਂ ਮੇਹਰਚੰਦ ਪੋਲੀਟੈਕਨਿਕ ਕਾਲਜ 'ਚ ਦਯਾਨੰਦ ਚੇਤਨਾ ਮੰਚ ਵੱਲੋਂ ਸੰਸਕ੍ਰਿਤ ਦਿਵਸ ਮੌਕੇ ਇੱਕ ਮੰਤਰ ਪਾਠ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਵੱਖ-ਵੱਖ ਗ੍ਰੰਥਾਂ ਅਤੇ ਗ੍ਰੰਥਾਂ ਤੋਂ ਲਈਆਂ ਗਈਆਂ ਪ੍ਰਾਰਥਨਾਵਾਂ ਦਾ ਗਾਇਨ ਕਰਕੇ ਹਿੱਸਾ ਲਿਆ।ਮੁਕਾਬਲੇ ਵਿੱਚ ਮਹਿਸਾਸੁਰ ਮਾਰਦਿਨੀ ਸਟੋਤਰ ਗਾਉਣ ਵਾਲੇ ਰੋਹਿਤ ਪਹਿਲੇ, ਸ਼ਿਵ ਤਾਂਡਵ ਸਟੋਤਰ ਗਾਉਣ ਵਾਲੇ ਸੁਮਿਤ ਦੂਜੇ ਅਤੇ ਮਾਤਭੂਮੀ ਵੰਦਨਾ ਗਾਉਣ ਵਾਲੇ ਭਰਤ ਤੀਜੇ ਸਥਾਨ 'ਤੇ ਰਹੇ। ਤਿੰਨੋਂ ਵਿਦਿਆਰਥੀ ਕਾਲਜ ਦੇ ਫਾਰਮੇਸੀ ਵਿਭਾਗ ਦੇ ਹਨ। ਪ੍ਰਿੰਸੀਪਲ ਜਗਰੂਪ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੰਸਕ੍ਰਿਤ ਇਕ ਵਿਗਿਆਨਕ ਭਾਸ਼ਾ ਹੀ ਨਹੀਂ, ਸਗੋਂ ਇਹ ਨੈਤਿਕ ਸਿੱਖਿਆ ਦਾ ਸਰਵੋਤਮ ਸਾਧਨ ਵੀ ਹੈ, ਜਿਸ ਦੀ ਅੱਜ ਦੇ ਸਮੇਂ ਵਿਚ ਬਹੁਤ ਲੋੜ ਹੈ।

ਉਨ੍ਹਾਂ ਦਯਾਨੰਦ ਚੇਤਨਾ ਮੰਚ ਦੇ ਪ੍ਰਧਾਨ ਪ੍ਰਭੂ ਦਿਆਲ ਨੂੰ ਇਸ ਸ਼ਾਨਦਾਰ ਉਪਰਾਲੇ ਲਈ ਵਧਾਈ ਦਿੱਤੀ। ਇਸ ਪ੍ਰੋਗਰਾਮ ਵਿੱਚ ਜੱਜ ਵਜੋਂ ਹੀਰਾ ਮਹਾਜਨ ਅਤੇ ਮੀਨਾ ਬਾਂਸਲ ਅਤੇ ਹੋਰ ਮੁੱਖ ਮਹਿਮਾਨ ਦਿਲਦਾਰ ਸਿੰਘ ਰਾਣਾ, ਕਸ਼ਮੀਰ ਕੁਮਾਰ ਆਦਿ ਹਾਜ਼ਰ ਸਨ।

ਨਸ਼ਾ ਮੁਕਤ ਸਮਾਜ ਬਣਾਉਣ ਲਈ ਨਸ਼ਿਆਂ ਖਿਲਾਫ ਇਕਜੁੱਟ ਹੋਣ ਦੀ ਅਪੀਲ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-ਭੋਗਪੁਰ ਪੁਲਸ ਪ੍ਰਸ਼ਾਸਨ ਤੇ ਕੈਮਿਸਟ ਐਸੋਸੀਏਸ਼ਨ ਭੋਗਪੁਰ ਵੱਲੋਂ ਨਸ਼ਿਆਂ ਖਿਲਾਫ ਜਾਗਰੂਕ ਰੈਲੀ ਕੱਢੀ ਗਈ। ਇਸ ਮੌਕੇ ਜੀਤ ਲਾਲ ਭੱਟੀ ਹਲਕਾ ਇੰਚਾਰਜ ਆਦਮਪੁਰ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਰੈਲੀ ਵਿੱਚ ਹਿੱਸਾ ਲਿਆ। ਥਾਣਾ ਮੁਖੀ ਸੁਖਜੀਤ ਸਿੰਘ ਨੇ ਕਿਹਾ ਕਿ ਅੱਜ ਪੁਲਸ ਪ੍ਰਸ਼ਾਸਨ ਭੋਗਪੁਰ ਤੇ ਕੈਮਿਸਟ ਐਸੋਸੀਏਸ਼ਨ ਭੋਗਪੁਰ ਵੱਲੋਂ ਨਸ਼ਿਆਂ ਖਿਲਾਫ ਜਾਗਰੂਕ ਰੈਲੀ ਕੱਢੀ ਜਾ ਰਹੀ। ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਖਿਲਾਫ ਪੁਲਸ ਪ੍ਰਸ਼ਾਸਨ ਦਾ ਵੱਧ ਤੋਂ ਵੱਧ ਸਹਿਯੋਗ ਕਰਨ। ਭੱਟੀ ਨੇ ਕਿਹਾ ਕਿ ਰੈਲੀ ਰਾਹੀਂ ਲੋਕਾਂ ਨੂੰ ਨਸ਼ਾ ਮੁਕਤ ਸਮਾਜ ਬਣਾਉਣ ਲਈ ਨਸ਼ਿਆਂ ਖਿਲਾਫ ਇਕਜੁੱਟ ਹੋਣ ਦੀ ਅਪੀਲ ਕੀਤੀ ਗਈ ਅਤੇ ਪੰਜਾਬ ਸਰਕਾਰ ਵੱਲੋਂ ਵੀ ਪੰਜਾਬ ਵਿੱਚੋਂ ਨਸ਼ਾ ਖਤਮ ਕਰਨ ਲਈ ਵੱਡੇ ਪੱਧਰ ਤੇ ਮੁਹਿੰਮ ਚਲਾਈ ਗਈ ਹੈ ਅਤੇ ਬਹੁਤ ਜਲਦ ਹੀ ਸਰਕਾਰ ਵੱਲੋਂ ਨਸ਼ੇ ਨੂੰ ਜੜ੍ਹ ਤੋਂ ਖਤਮ ਕਰ ਦਿੱਤਾ ਜਾਵੇਗਾ। ਇਸ ਮੌਕੇ ਥਾਣਾ ਮੁਖੀ ਸੁਖਜੀਤ ਸਿੰਘ, ਏ.ਐਸ ਆਈ ਮਨੋਹਰ ਲਾਲ, ਏ.ਐਸ.ਆਈ ਪਰਮਜੀਤ ਸਿੰਘ, ਏ.ਐਸ.ਆਈ ਜਸਵਿੰਦਰ ਸਿੰਘ, ਸਮੂਹ ਸਟਾਫ, ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਦੀਪਕ ਸੋਨੀ, ਸੈਕਟਰੀ ਰਾਜੀਵ ਸਰੀਨ, ਵਾਈਸ ਪ੍ਰਧਾਨ ਮਨਜੀਤ ਸਿੰਘ, ਖਜ਼ਾਨਚੀ ਉਂਕਾਰ ਸਿੰਘ ਅਤੇ ਬਰਕਤ ਰਾਮ ਚੇਅਰਮੈਨ ਮਾਰਕੀਟ ਕਮੇਟੀ ਭੋਗਪੁਰ, ਰਮੇਸ਼ ਚੰਦਰ ਜ਼ਿਲ੍ਹਾ ਜੋਇੰਟ ਸਕੱਤਰ, ਪਵਨ ਅਰੋੜਾ ਸਤਹਿਰੀ ਪ੍ਰਧਾਨ ਵਪਾਰ ਮੰਡਲ, ਗੁਰਦੀਪ ਦੀਪੂ, ਬਲਵਿੰਦਰ ਭੰਡਾਰੀ, ਸੂਬੇਦਾਰ ਹੰਸ ਰਾਜ, ਸੁਖਦੇਵ ਲਾਲ, ਕਮਲਜੀਤ ਸਿੰਘ ਡੱਲੀ, ਸਤਨਾਮ ਸਿੰਘ,ਹਰਮਿੰਦਰ ਬੋਲੀਨਾ ਮੌਜੂਦ ਸਨ।

ਹਰਿਆਣਾ ਸਰਕਾਰ ਵੱਲੋਂ ਆਂਗਣਵਾੜੀ ਕਾਰਕੁਨਾਂ ਨੂੰ ਸਮਾਰਟ ਫੋਨ

ਚੰਡੀਗੜ੍ਹ,(ਕ੍ਰਿਸ਼ਨ ਗਰਗ) ਹਰਿਆਣਾ ਸਰਕਾਰ ਬੱਚਿਆਂ ਅਤੇ ਗਰਭਵੱਤੀ ਮਹਿਲਾਵਾਂ ਦੀ ਸਿਹਤ ਦੀ ਚਿੰਤਾ ਕਰਦੇ ਹੋਏ ਜਲਦ ਹੀ ਆਂਗਣਵਾੜੀ ਕਾਰਕੁਨਾਂ ਨੂੰ ਸਮਾਰਟਫੋਨ ਵੰਡ ਕਰਨ ਜਾ ਰਹੀ ਹੈ। ਇਸ ਲਈ ਮੁੱਖ ਮੰਤਰੀ ਮਨੋਹਰ ਲਾਲ ਨੇ ਸਮਾਰਟ ਕਾਰਡ ਦੀ ਖਰੀਦ ਨੂੰ ਮਨਜ਼ੂਰੀ ਦੇ ਦਿੱਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਮਹਿਲਾ ਤੇ ਬਾਲ ਵਿਕਾਸ ਵਿਭਾਗ ਦੇ ਤਹਿਤ ਆਂਗਣਵਾੜੀ ਕਾਰਕੁਨਾਂ ਲਈ 24848 ਸਮਾਰਟ ਫੋਨ ਖਰੀਦੇ ਜਾਣਗੇ, ਜਿਸ ਲਈ 28.19 ਕਰੋੜ ਰੁਪਏ ਦੇ ਬਜਟ ਨੂੰ ਪ੍ਰਵਾਨਗੀ ਦਿੱਤੀ ਹੈ। ਅਗਲੇ ਤਿੰਨ ਮਹੀਨੇ ਅੰਦਰ ਪ੍ਰਕ੍ਰਿਆ ਨੂੰ ਪੂਰਾ ਕਰਦੇ ਹੋਏ ਕਾਰਕੁਨਾਂ ਨੂੰ ਫੋਨ ਦਿੱਤੇ ਜਾਣਗੇ। ਅਸੀਂ ਡਿਟੀਟਲਾਇਜੇਸ਼ਨ ਦੀ ਪੂਰੀ ਵਰਤੋਂ ਕਰ ਰਹੇ ਹਾਂ। ਵਿਭਾਗ ਵੱਲੋਂ ਸਮਾਰਟ ਫੋਨ ਚਲਾਉਣ ਲਈ 15 ਦਿਨ ਦੀ ਸਿਖਲਾਈ ਵੀ ਦਿੱਤੀ ਜਾਵੇਗੀ। ਫੋਨ ਲਈ ਸਿਮ ਅਤੇ ਰਿਚਾਰਚ ਸਰਕਾਰ ਵੱਲੋਂ ਮੁਹੱਈਆ ਕਰਵਾਇਆ ਜਾਵੇਗਾ। ਫੋਨ ਅੰਦਰ ਪੋਸ਼ਣ ਟ੍ਰੈਕਰ ਐਪ ਤੇ ਬਾਲ ਵਿਕਾਸ ਐਪ ਮੌਜੂਦ ਹੋਵੇਗੀ। ਇਨ੍ਹਾਂ ਐਪਾਂ ਰਾਹੀਂ ਬੱਚਿਆਂ ਦੀ ਸਥਿਤੀ 'ਤੇ ਨਜ਼ਰ ਰਹੇਗੀ।

ਖਪਤਕਾਰਾਂ ਦੀਆਂ ਸਮੱਸਿਆਵਾਂ ਦੇ ਤੁਰੰਤ ਕੀਤੇ ਜਾਣਗੇ ਹੱਲ

ਪੰਚਕੂਲਾ (ਕ੍ਰਿਸ਼ਨ ਗਰਗ) - ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਖਪਤਕਾਰਾਂ ਨੂੰ ਬਿਨਾਂ ਰੁਕਾਵਟ ਬਿਜਲੀ ਦੀ ਸਪਲਾਈ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਖਪਤਕਾਰਾਂ ਦੀਆਂ ਸਮੱਸਿਆਵਾਂ ਦੇ ਤੁਰੰਤ ਹੱਲ ਲਈ ਨਿਗਮ ਵੱਲੋਂ ਅਨੇਕ ਮਹੱਤਵਕਾਂਗੀ ਪ੍ਰੋਗ੍ਰਾਮ ਚਲਾਏ ਜਾ ਰਹੇ ਹਨ। ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਪੰਚਕੂਲਾ ਦੇ ਖਪਤਕਾਰ ਸ਼ਿਕਾਇਤ ਮੰਚ ਦੇ ਚੇਅਰਮੈਨ ਤੇ ਮੈਂਬਰ ਮੰਚ ਦੀ ਕਾਰਵਾਈ 19 ਸਤੰਬਰ ਨੂੰ ਸੁਪਰਡੈਂਟ ਇੰਜੀਨੀਅਰ, ਪੰਚਕੂਲਾ ਦੇ ਦਫਤਰ 'ਚ ਕੀਤੀ ਜਾਵੇਗੀ।

ਮੰਚ ਦੇ ਮੈਂਬਰ, ਪੰਚਕੂਲਾ ਦੇ ਖਪਤਕਾਰਾਂ ਦੀਆਂ ਸਾਰੀਆਂ ਤਰ੍ਹਾਂ ਦੀਆਂ ਸਮੱਸਿਆਵਾਂ ਦੀ ਸੁਣਵਾਈ ਕਰਨਗੇ। ਇਸ ਵਿਚ ਬਿਲਿੰਗ, ਵੋਲਟੇਜ, ਮੀਟਰਿੰਗ ਨਾਲ ਸਬੰਧਤ ਸ਼ਿਕਾਇਤਾਂ, ਕੁਨੈਕਸ਼ਨ ਕੱਟਣ ਅਤੇ ਜੋੜਣ ਬਿਜਲੀ ਸਪਲਾਈ ਵਿਚ ਰੁਕਾਵਟ ਆਦਿ ਦੀ ਸੁਣਵਾਈ ਕੀਤੀ ਜਾਵੇਗੀ। ਮੰਚ ਵੱਲੋਂ ਬਿਜਲੀ ਐਕਟ ਦੀ ਧਾਰਾ 126 ਅਤੇ ਧਾਰਾ 135 ਤੋਂ 139 ਦੇ ਤਹਿਤ ਬਿਜਲੀ ਚੋਰੀ ਅਤੇ ਬਿਜਲੀ ਦੀ ਨਾਜਾਇਜ਼ ਵਰਤੋਂ ਦੇ ਮਾਮਲਿਆਂ ਵਿਚ ਸਜ਼ਾ ਅਤੇ ਜੁਰਮਾਨਾ ਅਤੇ ਧਾਰਾ 161 ਦੇ ਤਹਿਤ ਜਾਂਚ ਤੇ ਦੁਰਘਟਨਾਵਾਂ ਨਾਲ ਸਬੰਧਤ ਮਾਮਲਿਆਂ ਦੀ ਸੁਣਵਾਈ ਨਹੀਂ ਕੀਤੀ ਜਾਵੇਗੀ।

ਜ਼ਿਲ੍ਹਾ ਪੱਧਰੀ ਵੇਟ ਲਿਫਟਿੰਗ ਤੇ ਪਾਵਰ ਲਿਫਟਿੰਗ ਮੁਕਾਬਲੇ 20 ਤੋਂ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)- 67ਵੀਆਂ ਪੰਜਾਬ ਰਾਜ ਸਕੂਲ ਖੇਡਾਂ ਦੇ ਅੰਤਰਗਤ ਜ਼ਿਾ ਰੂਪਨਗਰ ਅਧੀਨ ਆਉਂਦੇ ਸਕੂਲਾਂ ਦੇ ਵੇਟਲਿਫਟਿੰਗ ਅਤੇ ਪਾਵਰ ਲਿਫਟਿੰਗ ਅੰਡਰ 17/19 ਸਾਲ ਲੜਕੇ ਅਤੇ ਲੜਕੀਆਂ ਦੇ ਮੁਕਾਬਲੇ ਸ.ਸ.ਸ.ਸ.ਸਕੂਲ ਚਨੌਲੀ ਬਸੀ ਵਿਖੇ ਪ੍ਰਿੰਸੀਪਲ/ਕਨਵੀਨਰ ਸ਼ਰਨਜੀਤ ਕੌਰ ਅਤੇ ਉਪ ਕਨਵੀਨਰ ਲੈਕਚਰਾਰ ਅਰਵਿੰਦਰ ਕੁਮਾਰ ਦੀ ਦੇਖ ਰੇਖ ਹੇਠ ਮਿਤੀ 20 ਸਤੰਬਰ ਤੋਂ ਲੈ ਕੇ 23 ਸਤੰਬਰ ਤੱਕ ਕਰਵਾਏ ਜਾ ਰਹੇ ਹਨ। ਇਨ੍ਹਾਂ ਖੇਡਾਂ ਦੇ ਕਨਵੀਨਰ ਪ੍ਰਿੰਸੀਪਲ ਸ਼ਰਨਜੀਤ ਕੌਰ ਅਤੇ ਉਪ ਕਨਵੀਨਰ ਲੈਕਚਰਾਰ ਸਰੀਰਿਕ ਸਿੱਖਿਆ ਅਰਵਿੰਦਰ ਕੁਮਾਰ ਨੇ ਦੱਸਿਆ ਕਿ 21 ਸਤੰਬਰ ਨੂੰ ਅੰਡਰ 17 ਅਤੇ 19 ਸਾਲ ਮੁੰਡਿਆਂ ਦੇ ਵੇਟਲਿਫਟਿੰਗ ਮੁਕਾਬਲੇ ਕਰਵਾਏ ਜਾਣਗੇ। 22 ਸਤੰਬਰ ਨੂੰ ਅੰਡਰ 17/19 ਸਾਲ ਲੜਕੀਆਂ ਦੇ ਪਾਵਰ ਲਿਫਟਿੰਗ ਮੁਕਾਬਲੇ ਕਰਵਾਏ ਜਾਣਗੇ ਅਤੇ ਮਿਤੀ 23 ਸਤੰਬਰ ਨੂੰ ਅੰਡਰ 17 ਅਤੇ 19 ਸਾਲ ਵਰਗ ਦੇ ਮੁੰਡਿਆਂ ਦੇ ਪਾਵਰ ਲਿਫਟਿੰਗ ਮੁਕਾਬਲੇ ਕਰਵਾਏ ਜਾਣਗੇ।

ਉਪ ਕਨਵੀਨਰ ਨੇ ਦੱਸਿਆ ਕਿ ਚਾਰ ਦਿਨ ਚੱਲਣ ਵਾਲੇ ਇਹਨਾਂ ਮੁਕਾਬਲਿਆਂ ਲਈ ਰੋਜ਼ਾਨਾ ਸਵੇਰੇ 8 ਵਜੇ ਤੋਂ 8.30 ਤੱਕ ਖਿਡਾਰੀਆਂ ਦੇ ਭਾਰ ਤੋਲੇ ਜਾਣਗੇ। ਇਸ ਤੋਂ ਬਾਅਦ ਰੋਜਾਨਾ 9 ਵਜੇ ਵੱਖ ਵੱਖ ਭਾਰ ਵਰਗਾਂ ਦੇ ਮੁਕਾਬਲੇ ਸ਼ੁਰੂ ਹੋਇਆ ਕਰਨਗੇ।

ਇਹਨਾਂ ਮੁਕਾਬਲਿਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਬਣਾਈ ਗਈ ਕਮੇਟੀ ਵਿਚ ਲੈਕਚਰਾਰ ਬਲਜਿੰਦਰ ਰੀਹਲ, ਲੈਕ. ਨੀਲਮ ਦੇਵੀ, ਵਨੀਤ ਭੱਲਾ ਡੀ.ਪੀ.ਈ, ਦਲਜੀਤ ਕੌਰ ਡੀ.ਪੀ.ਈ, ਸਰਬਜੀਤ ਕੌਰ ਪੀ.ਟੀ.ਆਈ, ਕੁਲਵਿੰਦਰ ਸਿੰਘ ਪੀ.ਟੀ.ਆਈ,ਭੁਪਿੰਦਰ ਕੌਰ ਪੀ.ਟੀ.ਆਈ, ਨਵਦੀਪ ਸਿੰਘ, ਵਿਜੈ ਕੁਮਾਰ ਅਤੇ ਅਮਨ ਕੁਮਾਰ ਸ਼ਾਮਿਲ ਹਨ।

ਪੰਜਾਬ ਸਟੇਟ ਸੁਪਰ ਫੁੱਟਬਾਲ ਲੀਗ ਮੁਕਾਬਲੇ 'ਚ ਫੁੱਟਬਾਲ ਅਕੈਡਮੀ ਗੜ੍ਹਸ਼ੰਕਰ ਜੇਤੂ

ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)-ਪੰਜਾਬ ਫੁੱਟਬਾਲ ਐਸੋਸੀਏਸ਼ਨ ਵਲੋਂ ਕਰਵਾਈ ਜਾ ਰਹੀ 37ਵੀਂ ਜੇ.ਸੀ.ਟੀ. ਪੰਜਾਬ ਸਟੇਟ ਸੁਪਰ ਫੁੱਟਬਾਲ ਲੀਗ ਦਾ ਮੁਕਾਬਲਾ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੇ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਸਟੇਡੀਅਮ 'ਚ ਉਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਕਮੇਟੀ ਦੇ ਪ੍ਰਬੰਧਾਂ ਹੇਠ ਕਰਵਾਇਆ ਗਿਆ। ਇਸ ਮੁਕਾਬਲੇ ਵਿਚ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਅਕੈਡਮੀ ਗੜ੍ਹਸ਼ੰਕਰ ਦੇ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਰੇਲ ਕੋਚ ਫੈਕਟਰੀ ਕਪੂਰਥਲਾ ਨੂੰ 1-0 ਗੋਲ ਦੇ ਫਰਕ ਨਾਲ ਹਰਾ ਕੇ ਜਿੱਤ ਦਰਜ ਕੀਤੀ। ਮੁਕਾਬਲੇ ਦੌਰਾਨ ਮੁੱਖ ਮਹਿਮਾਨ ਵਜੋਂ ਡੀ.ਐੱਸ.ਪੀ. ਦਲਜੀਤ ਸਿੰਘ ਖੱਖ ਨੇ ਸ਼ਿਰਕਤ ਕਰਦਿਆਂ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ

17-Sep-PAGE- 8 qxd.qxd 9/16/2023 10:46 PM Page 1

ਕਿਰਤੀ ਕਿਸਾਨ ਯੂਨੀਅਨ ਵੱਲੋਂ ਭਲਕ ਦੀ ਰੈਲੀ ਲਈ ਡਾਨਸੀਵਾਲ 'ਚ ਮੀਟਿੰਗ

ਗੜ੍ਹਸ਼ੰਕਰ (ਫੁਲਾ ਸਿੰਘ ਬੀਰਮਪੁਰ)- ਕਿਰਤੀ ਕਿਸਾਨ ਯੂਨੀਅਨ ਵਲੋਂ ਵਾਹਗਾ ਅਤੇ ਹੁਸੈਨੀਵਾਲਾ ਬਾਰਡਰ ਖੁਲ੍ਹਵਾਉਣ ਲਈ ਕੀਤੀਆਂ ਜਾ ਰਹੀਆਂ ਜ਼ਿਲ੍ਹਾ ਪੱਧਰੀ ਰੈਲੀਆਂ ਦੇ ਸੱਦੇ ਤਹਿਤ 18 ਸਤੰਬਰ ਨੂੰ ਪਿੰਡ ਡਾਨਸੀਵਾਲ ਵਿਖੇ ਰੈਲੀ ਕੀਤੀ ਜਾਵੇਗੀ ਜਿਸ ਦੀ ਤਿਆਰੀ ਲਈ ਅੱਜ ਪਿੰਡ ਡਾਨਸੀਵਾਲ ਅਤੇ ਸਕੰਦਰਪੁਰ ਵਿਖੇ ਕਿਸਾਨਾਂ ਦੀਆਂ ਮੀਟਿੰਗਾਂ ਕੀਤੀਆਂ ਗਈਆਂ। ਪਹੁੰਚੇ ਕਿਸਾਨ ਆਗੂਆਂ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਇਸ ਰੈਲੀ ਵਿੱਚ ਪਹੁੰਚਣ ਦਾ ਸੱਦਾ ਦਿੱਤਾ। ਕਿਸਾਨਾਂ ਨੂੰ ਸਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਹਰਮੇਸ਼ ਸਿੰਘ ਢੇਸੀ ਅਤੇ ਜ਼ਿਲ੍ਹਾ ਸਕੱਤਰ ਕੁਲਵਿੰਦਰ ਸਿੰਘ ਚਾਹਲ ਨੇ ਕਿਹਾ ਕਿ ਕਈ ਸਾਲ ਪਹਿਲਾਂ ਸਰਕਾਰ ਨੇ ਵਾਹਗਾ ਅਤੇ ਹੁਸੈਨੀਵਾਲਾ ਦੇ ਰਸਤੇ ਵਪਾਰ ਬੰਦ ਕਰ ਦਿੱਤਾ ਸੀ ਪਰ ਅਡਾਨੀ ਦੀ ਬੰਦਰਗਾਹ ਰਾਹੀਂ ਇਹ ਵਪਾਰ ਅੱਜ ਵੀ ਜਾਰੀ ਹੈ, ਜਿਸ ਦਾ ਲਾਭ ਕਿਸਾਨਾਂ ਤੇ ਆਮ ਲੋਕਾ ਦੀ ਬਜਾਏ ਕਾਰਪੋਰੇਟ ਘਰਾਣਿਆਂ ਨੂੰ ਹੋ ਰਿਹਾ ਹੈ। ਜੇਕਰ ਸੜਕੀ ਰਸਤੇ ਵਪਾਰ ਖੋਲ੍ਹਿਆ ਜਾਂਦਾ ਹੈ ਤਾਂ ਇਸ ਦਾ ਕਿਸਾਨਾਂ ਤੋਂ ਇਲਾਵਾ ਵਪਾਰੀਆਂ, ਟਰਾਸਪੋਟਰਾਂ ਅਤੇ ਮਜ਼ਦੂਰਾਂ ਨੂੰ ਚੋਖਾ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਪੰਜਾਬ ਦੀ ਆਰਥਿਕਤਾ ਨੂੰ ਡੇਗਣ ਲਈ ਇਕ ਗਿਣੀ ਮਿੱਥੀ ਸਾਜਿਸ਼ ਅਧੀਨ ਇਹ ਵਪਾਰ ਬੰਦ ਕੀਤਾ ਗਿਆ ਹੈ ਜਿਸ ਵਿਰੱਧ ਪੰਜਾਬ ਪੱਧਰ 'ਤੇ ਵਿਸ਼ਾਲ ਲਾਮਬੰਦੀ ਕੀਤੀ ਜਾ ਰਹੀ ਹੈ। ਅੱਜ ਦੇ ਇਕੱਠਾਂ ਨੂੰ ਜਥੇਬੰਦੀ ਦੇ ਤਹਿਸੀਲ ਸਕੱਤਰ ਕੁਲਵੰਤ ਸਿੰਘ ਗੋਲੇਵਾਲ, ਮਾਸਟਰ ਅਜੀਤ ਸਿੰਘ ਬੋੜਾ, ਉਂਕਾਰ ਸਿੰਘ ਡਾਨਸੀਵਾਲ, ਕੁਲਵੀਰ ਸਿੰਘ ਨੰਬਰਦਾਰ, ਗਗਨਦੀਪ ਸਿੰਘ ਪੰਚ, ਕੁਲਵਰਨ ਸਿੰਘ ਸਹੋਤਾ, ਅਮਰੀਕ ਸਿੰਘ ਸਕੰਦਰਪੁਰ, ਸੰਦੀਪ ਸਿੰਘ ਮਿੰਟੂ, ਹਰਜਿੰਦਰ ਸਿੰਘ, ਕਰਤਾਰ ਸਿੰਘ, ਹਰਪਾਲ ਸਿੰਘ ਆਦਿ ਕਿਸਾਨ ਹਾਜ਼ਰ ਸਨ ।

ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

ਕਹਿਣੀ ਤੇ ਕਰਨੀ ਦੇ ਸ਼ਾਨਦਾਰ ਸੁਮੇਲ ਸਨ ਡਾ. ਤਰਲੋਚਨ ਸਿੰਘ

ਲੋਕ ਪੱਖੀ ਅਤੇ ਵਿਗਿਆਨਕ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਸਾਥੀ ਡਾ. ਤਰਲੋਚਨ ਸਿੰਘ, ਜੋ ਕਿ 6 ਸਤੰਬਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਅੱਜ ਉਹਨਾਂ ਦਾ ਸ਼ਰਧਾਂਜਲੀ ਸਮਾਰੋਹ ਉਹਨਾਂ ਦੇ ਨਿਵਾਸ ਅਸਥਾਨ ਪਿੰਡ ਬੁਲ੍ਹੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸੈਣੀਬਾਰ ਸੀਨੀਅਰ ਸੈਕੰਡਰੀ ਸਕੂਲ ਵਿਖੇ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਹੁਸ਼ਿਆਰਪੁਰ ਹੀ ਨਹੀਂ ਸਗੋਂ ਪੰਜਾਬ ਦੀਆਂ ਮੁਲਾਜ਼ਮ ਅਤੇ ਪੈਨਸ਼ਨਰ ਸਫਾਂ ਅੰਦਰ ਇੱਕ ਨਿਸ਼ਠਾਵਾਨ, ਪ੍ਰਤੀਬੱਧ ਤੇ ਸੁਹਿਰਦ ਟਰੇਡ ਯੂਨੀਅਨਿਸਟ ਵਜੋਂ ਵਿਆਪਕ ਸਤਿਕਾਰ ਦੇ ਪਾਤਰ ਸਾਥੀ ਤਰਲੋਚਨ ਸਿੰਘ ਕਿੱਤੇ ਵਜੋਂ ਇੱਕ ਅਧਿਆਪਕ ਸਨ। ਆਪ ਜੀ ਦਾ ਜਨਮ 1 ਦਸੰਬਰ 1942 ਨੂੰ ਪਿੰਡ ਬੁਲ੍ਹੋਵਾਲ ਵਿਖੇ ਮਾਸਟਰ ਕਰਮ ਸਿੰਘ ਅਤੇ ਬੀਬੀ ਸੀਤਲ ਕੌਰ ਦੇ ਗ੍ਰਿਹ ਵਿਖੇ ਹੋਇਆ। ਸੈਣੀਬਾਰ ਹਾਈ ਸਕੂਲ ਬੁਲ੍ਹੋਵਾਲ ਤੋਂ 1957 ਵਿੱਚ ਮੈਟ੍ਰਿਕ ਪਾਸ ਕਰਨ ਉਪ੍ਰੰਤ 1959 ਵਿੱਚ ਮੇਹਰ ਚੰਦ ਪਾਲੀਟੈਕਨਿਕ ਜਲੰਧਰ ਤੋਂ ਆਰਟ ਐਂਡ ਕਰਾਫਟਸ ਦਾ ਡਿਪਲੋਮਾ ਪਾਸ ਕਰ ਲਿਆ ਅਤੇ ਉਸੇ ਸਾਲ ਹੀ ਖਾਲਸਾ ਸਕੂਲ ਗੜ੍ਹਦੀਵਾਲਾ ਵਿਖੇ ਬਤੌਰ ਡਰਾਇੰਗ ਮਾਸਟਰ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਸਰਕਾਰੀ ਸੇਵਾ ਲਈ ਚੁਣੇ ਜਾਣ ਉਪਰੰਤ ਆਪ 15 ਦਸੰਬਰ 1961 ਨੂੰ ਸਰਕਾਰੀ ਮਿਡਲ ਸਕੂਲ ਖਰੜ ਅੱਛਰੋਵਾਲ ਵਿਖੇ ਹਾਜ਼ਰ ਹੋਏ। ਆਪਣੇ ਕਿੱਤੇ ਪ੍ਰਤੀ ਨਿਪੁੰਨ ਹੋਣ ਕਾਰਣ ਸਾਥੀ ਤਰਲੋਚਨ ਸਿੰਘ ਆਪਣੇ ਵਿਦਿਆਰਥੀਆਂ ਦੇ ਡੂੰਘੇ ਸਤਿਕਾਰ ਦੇ ਪਾਤਰ ਅਤੇ ਸਹਿ-ਕਰਮੀਆਂ 'ਚ ਵੀ ਹਰਮਨ ਪਿਆਰੇ ਰਹੇ। ਚੇਤਨਤਾ ਦਾ ਪੱਧਰ ਉੱਚਾ ਹੋਣ ਕਾਰਣ ਆਪ ਨੇ 1963 ਵਿੱਚ ਹੀ ਅਧਿਆਪਕਾਂ ਦੀ ਸਿਰਮੌਰ ਜੱਥੇਬੰਦੀ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀਆਂ ਸਰਗਰਮੀਆਂ ਵਿੱਚ ਸਰਗਰਮ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਅਧਿਆਪਕ ਵਰਗ ਸਹਿਤ ਸਮੁੱਚੇ ਮੁਲਾਜ਼ਮ ਵਰਗ ਦੀਆਂ ਸੇਵਾ ਹਾਲਤਾਂ ਦੀ ਬਿਹਤਰੀ ਲਈ ਕੀਤੇ ਜਾ ਰਹੇ ਸਘਰਸ਼ਾਂ ਵਿੱਚ ਮੋਹਰੀ ਰੋਲ ਅਦਾ ਕਰਨ ਵਾਲੇ ਸਾਥੀ ਤਰਲੋਚਨ ਕਦੇ ਵੀ ਅਹੁਦਿਆਂ ਦੀ ਲਾਲਸਾ ਨਹੀਂ ਕੀਤੀ, ਫਿਰ ਵੀ ਆਪ ਨੇ ਜੀ.ਟੀ.ਯੂ. ਜ਼ਿਲ੍ਹਾ ਹੁਸ਼ਿਆਰਪੁਰ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਪ.ਸ.ਸ.ਫ. ਦੇ ਜ਼ਿਲ੍ਹਾ ਜਨਰਲ ਸਕੱਤਰ ਦੀਆਂ ਜ਼ੁੰਮੇਵਾਰੀਆਂ ਨੂੰ ਲੰਬੇ ਸਮੇਂ ਤੱਕ ਬਾਖੂਬੀ ਨਿਭਾਇਆ। ਟਰੇਡ ਯੂਨੀਅਨ ਵਿੱਚ ਕੰਮ ਕਰਦਿਆਂ ਸਾਥੀ ਜੀ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਤੋਂ ਕਦੇ ਕੋਈ ਹਿਚਕਚਾਹਟ ਜਾਂ ਡਾਵਾਂ-ਡੋਲਤਾ ਨਹੀਂ ਦਿਖਾਈ। ਕੁਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਵਾਉਣ ਲਈ ਜੀ.ਟੀ.ਯੂ. ਵਲੋਂ 1967 ਵਿੱਚ ਚਲਾਏ ਗਏ ਅੰਦੋਲਨ ਵਿੱਚ ਡਾ. ਤਰਲੋਚਨ ਸਿੰਘ ਨੇ ਪਹਿਲੇ ਹੀ ਜਥੇ ਵਿੱਚ ਗ੍ਰਿਫਤਾਰੀ ਦਿੱਤੀ, ਤਨਖਾਹ ਸਕੇਲਾਂ ਦੀਆਂ ਤਰੁਟੀਆਂ ਦੂਰ ਕਰਵਾਉਣ ਲਈ ਅਰੰਭੇ ਗਏ ਘੋਲ ਵਿੱਚ ਅਤੇ 1978 ਵਿੱਚ ਬੇਰੁਜ਼ਗਾਰ ਅਧਿਆਪਕਾਂ ਦੇ ਅੰਦੋਲਨ ਵਿੱਚ ਵੀ ਸਾਥੀ ਜੀ ਮਹੀਨਿਆਂ ਬੱਧੀ ਜੇਲ ਅੰਦਰ ਰਹੇ। ਪੈਨਸ਼ਨਰਾਂ ਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਹਿੱਤ ਵੀ ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਜ਼ਿਲ੍ਹਾ ਇਕਾਈ ਦੇ ਆਗੂ ਰਹੇ। ਆਪ ਜੀ ਦੀ ਸ਼ਾਦੀ 1966 ਵਿੱਚ ਬੀਬੀ ਪ੍ਰੀਤਮ ਕੌਰ ਨਾਲ ਹੋਈ। ਉਹ ਵੀ ਇੱਕ ਅਧਿਆਪਕਾ ਵਜੋਂ ਕੰਮ ਕਰਦੇ ਸਨ ਅਤੇ ਉਹਨਾਂ ਨੇ ਸਾਥੀ ਜੀ ਨੂੰ ਟਰੇਡ ਯੂਨੀਅਨ ਵਿੱਚ ਕੰਮ ਕਰਨ ਹਿੱਤ ਪੂਰਣ ਸਹਿਯੋਗ ਦਿੱਤਾ। ਅੱਪਰ ਕੁਦਰਤ ਨੇ 1987 ਵਿੱਚ ਸਾਥੀ ਜੀ ਕੋਲੋਂ ਪ੍ਰੀਤਮ ਕੌਰ ਦਾ ਵਡਮੁੱਲਾ ਸਾਥ ਖੋਹ ਲਿਆ। ਸਾਥੀ ਤਰਲੋਚਨ ਸਿੰਘ ਵੱਲੋਂ ਅਡੋਲਤਾ ਤੇ ਪਹਿਰਾ ਦਿੰਦਿਆਂ ਆਪਣੇ ਬੱਚਿਆਂ ਨੂੰ ਮਾਂ-ਬਾਪ ਦੋਹਾਂ ਦਾ ਪਿਆਰ ਦਿੰਦਿਆਂ ਜੱਥੇਬੰਦਕ ਸਰਗਰਮੀਆਂ ਵਿੱਚ ਕੋਈ ਕਮੀਂ ਨਹੀਂ ਆਉਣ ਦਿੱਤੀ। ਇਹ ਇੱਕ ਹੌਸਲਾ ਦੇਣ ਵਾਲੀ ਗੱਲ ਹੈ ਕਿ ਸਾਥੀ ਤਰਲੋਚਨ ਸਿੰਘ ਦੀ ਕਹਿਣੀ ਤੇ ਕਰਨੀ ਦੇ ਸ਼ਾਨਦਾਰ ਸੁਮੇਲ ਅਤੇ ਉੱਚੇ ਸੁੱਚੇ ਕਿਰਦਾਰ ਨੇ ਅੱਗੋਂ ਉਹਨਾਂ ਦੇ ਪੁੱਤਰ ਇੰਦਰਜੀਤ ਵਿਰਦੀ ਨੂੰ ਵੀ ਪ੍ਰਭਾਵਿਤ ਕੀਤਾ ਅਤੇ ਉਹ ਵੀ ਪ.ਸ.ਸ.ਫ. ਦੇ ਇੱਕ ਅਹਿਮ ਸੂਬਾ ਆਗੂ ਵਜੋਂ ਸੇਵਾ ਨਿਭਾਅ ਰਿਹਾ ਹੈ। ਸਾਥੀ ਜੀ ਵਲੋਂ ਆਪਣਾ ਸਾਰਾ ਜੀਵਨ ਲੋਕਾਈ ਦੇ ਲੇਖੇ ਲਗਾਉਣ ਦੇ ਨਾਲ ਹੀ ਆਪਣਾ ਸਰੀਰ ਮੈਡੀਕਲ ਖੋਜ ਲਈ ਦਾਨ ਕਰਨ ਹਿੱਤ 2011 ਵਿੱਚ ਫਾਰਮ ਭਰੇ ਸਨ। ਉਹਨਾਂ ਦੀ ਇੱਛਾ ਅਨੁਸਾਰ ਪਰਵਾਰ ਵਲੋਂ ਉਹਨਾਂ ਦੀ ਮ੍ਰਿਤਕ ਦੇਹ ਨੂੰ ਮੈਡੀਕਲ ਖੋਜ ਲਈ ਮੈਡੀਕਲ ਕਾਲਜ ਨੂੰ ਦਾਨ ਕੀਤੀ ਗਈ ਹੈ। ਟਰੇਡ ਯੂਨੀਅਨ ਸਰਗਰਮੀਆਂ ਦੇ ਨਾਲ-ਨਾਲ ਪਿੰਡ ਅਤੇ ਇਲਾਕੇ ਅੰਦਰ ਵੀ ਆਪ ਹਮੇਸ਼ਾਂ ਹੀ ਬੇ-ਇਨਸਾਫੀ ਨਾਲ ਡਟ ਕੇ ਖੜਦੇ ਸਨ। ਸਾਥੀ ਜੀ ਦੇ ਤੁਰ ਜਾਣ ਨਾਲ ਪਰਵਾਰ, ਪਿੰਡ, ਇਲਾਕੇ ਸਹਿਤ ਮੁਲਾਜ਼ਮ, ਪੈਨਸ਼ਨਰ ਅਤੇ ਸਮੁਚੇ ਕਿਰਤੀ ਵਰਗ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। "ਮਰਨਾ ਸਫਲ ਉਹਨਾਂ ਦਾ ਬਾਹੂ- ਜਿਊਣ ਜ਼ਿਨਾਂ ਦੀਆਂ ਕਬਰਾਂ" ਦੇ ਕਥਨ ਅਨੁਸਾਰ ਸਾਥੀ ਤਰਲੋਚਨ ਸਿੰਘ ਆਪਣੇ ਵਿਚਾਰਾਂ ਦੀ ਰੌਸ਼ਨੀ ਨਾਲ ਹਮੇਸ਼ਾਂ ਹੀ ਅਮਰ ਰਹਿਣਗੇ।

-ਬਲਵੀਰ ਸਿੰਘ ਸੈਣੀ

ਹਾਈ ਸਕੂਲ ਡਘਾਮ 'ਚ ਹਿੰਦੀ ਦਿਵਸ ਮਨਾਇਆ

ਗੜ੍ਹਸ਼ੰਕਰ, (ਫੁਲਾ ਸਿੰਘ ਬੀਰਮਪੁਰ): ਸਰਕਾਰੀ ਹਾਈ ਸਕੂਲ ਡਘਾਮ ਵਿਖੇ ਮੁੱਖ ਅਧਿਆਪਕਾ ਨਵਦੀਪ ਸਹਿਗਲ ਦੀ ਅਗਵਾਈ ਅਤੇ ਹਿੰਦੀ ਅਧਿਆਪਕ ਹਰਦੀਪ ਕੁਮਾਰ ਦੇ ਯਤਨਾਂ ਸਦਕਾ ਰਾਸ਼ਟਰੀ ਹਿੰਦੀ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਸਲੋਗਨ ਰਾਈਟਿੰਗ, ਪੋਸਟਰ ਮੇਕਿੰਗ, ਅੰਤਾਕਸ਼ਰੀ, ਕਵਿਤਾ ਗਾਇਨ ਆਦਿ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਮਾ. ਹਰਦੀਪ ਕੁਮਾਰ ਨੇ ਹਿੰਦੀ ਦਿਵਸ ਦੇ ਇਤਿਹਾਸ ਅਤੇ ਮਹੱਤਤਾ 'ਤੇ ਚਾਨਣਾ ਪਾਇਆ। ਇਸ ਮੌਕੇ ਮੁੱਖ ਅਧਿਆਪਕ ਨਵਦੀਪ ਸਹਿਗਲ ਤੋਂ ਇਲਾਵਾ ਮਾਸਟਰ ਹਰਦੀਪ ਕੁਮਾਰ, ਜੋਤਿਕਾ ਲੱਧੜ, ਵਰਿੰਦਰ ਕੌਰ, ਅੰਸ਼ੂ ਰਾਣਾ, ਜਤਿੰਦਰ ਕੁਮਾਰ, ਮੈਡਮ ਰੀਨਾ, ਜੋਤੀ ਸ਼ਰਮਾ, ਸੁਦੇਸ਼ ਬਾਲਾ ਆਦਿ ਹਾਜ਼ਰ ਸਨ।

ਕੋਆਪ੍ਰੇਟਿਵ ਬੈਂਕ ਦੇ ਗੰਨਮੈਨ ਤੇ ਗਾਰਡਾਂ ਦੀ ਤਨਖਾਹ ਵਧਾਉਣ ਦੀ ਮੰਗ

ਕਪੂਰਥਲਾ (ਪ੍ਰੀਤ ਸੰਗੋਜਲਾ)- ਗੰਨਮੈਨ ਐਂਡ ਗਾਰਡ ਏਕਤਾ ਸੁਸਾਇਟੀ ਰਜਿ ਪੰਜਾਬ ਦੀ ਇਕ ਅਹਿਮ ਮੀਟਿੰਗ ਕਪੂਰਥਲਾ 'ਚ ਪੰਜਾਬ ਪ੍ਰਧਾਨ ਸੇਵਕ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈਸ ਦੇ ਨਾਂ ਜਾਰੀ ਕਰਦਿਆਂ ਕਿਹਾ ਕਿ ਕੋਆਪ੍ਰੇਟਿਵ ਬੈਂਕਾਂ ਵਿੱਚ ਤਾਇਨਾਤ ਏ ਟੀ ਐਮ ਗਾਰਡ ਅਤੇ ਗੰਨਮੈਨ ਦੀਆਂ ਤਨਖਾਹਾਂ ਦੂਸਰੀਆਂ ਬੈਂਕਾਂ ਦੇ ਮੁਕਾਬਲੇ ਬਹੁਤ ਘੱਟ ਹਨ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਾਡੀਆਂ ਤਨਖਾਹਾਂ ਚੰਡੀਗੜ੍ਹ ਡੀ.ਸੀ. ਰੇਟ ਮੁਤਾਬਿਕ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਦੱਸਿਆ ਕਿ ਕੰਪਨੀ ਵਲੋਂ ਜਿਹੜੀ ਤਨਖਾਹ ਦਿੱਤੀ ਜਾਂਦੀ ਹੈ ਉਸ ਵਿੱਚੋਂ 2975 ਰੁਪਏ ਪਰ ਵਿਅਕਤੀ ਕੱਟਿਆ ਜਾਂਦਾ ਹੈ ਅਤੇ 10852 ਸੈਲਰੀ ਸਾਡੇ ਬੈਂਕ ਅਕਾਉਂਟ ਵਿੱਚ ਆਉਂਦੀ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਬੇਨਤੀ ਕੀਤੀ ਕਿ ਸਾਡੀ ਨਿਗੂਣੀ ਜਿਹੀ ਤਨਖਾਹ ਵਿਚੋਂ 2975 ਰੁਪਏ ਜੀ ਐਸ ਟੀ ਨਾ ਕੱਟਿਆ ਜਾਵੇ। ਉਨ੍ਹਾਂ ਸਰਕਾਰ ਪੰਜਾਬ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਸਾਡੀ ਮੰਗ ਵਲ ਧਿਆਨ ਨਾ ਦਿੱਤਾ ਗਿਆ ਤਾਂ ਉਹ ਸਮੂਹ ਪੰਜਾਬ ਦੇ ਗੰਨਮੈਨ ਤੇ ਗਾਰਡ ਸਰਕਾਰ ਖਿਲਾਫ ਸੰਘਰਸ਼ ਕਰਨ ਲਈ ਮਜਬੂਰ ਹੋ ਜਾਣਗੇ। ਮੀਟਿੰਗ ਵਿੱਚ ਪੰਜਾਬ ਪ੍ਰਧਾਨ ਸੇਵਕ ਸਿੰਘ ਸੰਧੂ, ਅਮਰਜੀਤ ਸਿੰਘ ਕੈਸ਼ੀਅਰ, ਮਨਜੀਤ ਸਿੰਘ ਸਗੋਜਲਾਂ ਜਨਰਲ ਸੈਕਟਰੀ, ਸਤਨਾਮ ਸਿੰਘ ਜਨਰਲ ਸਕੱਤਰ, ਗੁਰਵਿੰਦਰ ਸਿੰਘ ਅਤੇ ਸੋਹਿਲ ਆਦਿ ਸ਼ਾਮਲ ਸਨ।

ਜੌੜਾਮਾਜਰਾ ਵੱਲੋਂ ਸੀਨੀਅਰ ਪੱਤਰਕਾਰ ਬਨਵੈਤ ਦੇ ਵੱਡੇ ਭਰਾ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟ

ਚੰਡੀਗੜ੍ਹ (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ)-ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਸੀਨੀਅਰ ਪੱਤਰਕਾਰ ਕਮਲਜੀਤ ਸਿੰਘ ਬਨਵੈਤ ਦੇ ਭਰਾ ਬਲਬੀਰ ਸਿੰਘ ਬਨਵੈਤ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟਾਇਆ ਹੈ। ਬਲਬੀਰ ਸਿੰਘ ਬਨਵੈਤ (69) ਜਲੰਧਰ ਦੇ ਏ.ਪੀ.ਜੇ. ਸਕੂਲ ਵਿੱਚ ਪੰਜਾਬੀ ਲੈਕਚਰਾਰ ਸਨ। ਉਹ ਕੈਂਸਰ ਤੋਂ ਪੀੜਤ ਸਨ ਅਤੇ ਉਨ੍ਹਾਂ ਨੇ ਅੱਜ ਪੀ.ਜੀ.ਆਈ. ਚੰਡੀਗੜ੍ਹ ਵਿਖੇ ਆਖਰੀ ਸਾਹ ਲਏ। ਇੱਥੇ ਜਾਰੀ ਆਪਣੇ ਸੋਗ ਸੁਨੇਹੇ ਵਿੱਚ ਚੇਤਨ ਸਿੰਘ ਜੌੜਾਮਾਜਰਾ ਨੇ ਦੁਖੀ ਪਰਵਾਰ ਨਾਲ ਹਮਦਰਦੀ ਜ਼ਾਹਰ ਕੀਤੀ। ਬਲਬੀਰ ਸਿੰਘ ਬਨਵੈਤ ਆਪਣੇ ਪਿੱਛੇ ਪਰਵਾਰ ਵਿੱਚ ਪਤਨੀ ਅਤੇ ਇੱਕ ਪੁੱਤਰ ਛੱਡ ਗਏ ਹਨ।

ਮੰਤਰੀ ਵੱਲੋਂ ਸੁਰਜੀਤ ਕੌਰ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਚੰਡੀਗੜ੍ਹ, (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ)-ਪੰਜਾਬ ਦੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਅਜ਼ਾਦੀ ਘੁਲਾਟੀਏ ਭਾਈ ਵੀਰ ਸਿੰਘ ਵੀਰ ਦੀ ਪਤਨੀ ਸੁਰਜੀਤ ਕੌਰ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਮਾਤਾ ਸੁਰਜੀਤ ਕੌਰ ਦਾ 108 ਸਾਲ ਦੀ ਉਮਰ ਵਿੱਚ ਬੀਤੀ ਰਾਤ ਦੇਹਾਂਤ ਹੋ ਗਿਆ। ਕੈਬਨਿਟ ਮੰਤਰੀ ਨੇ ਕਿਹਾ ਕਿ ਮਾਤਾ ਸੁਰਜੀਤ ਕੌਰ ਦਾ ਜੀਵਨ ਪੰਜਾਬੀਅਤ ਦੀ ਦ੍ਰਿੜ੍ਹ ਭਾਵਨਾ ਨਾਲ ਲਬਰੇਜ਼ ਸੀ। ਉਨ੍ਹਾਂ ਦੀ ਇੱਕ ਸਦੀ ਤੋਂ ਵੱਧ ਦੀ ਜੀਵਨ ਯਾਤਰਾ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਨਾਲ ਸ਼ਿਗਾਰੀ ਹੋਈ ਸੀ। ਉਨ੍ਹਾਂ ਕਿਹਾ ਕਿ ਮਹਾਨ ਆਜਾਦੀ ਘੁਲਾਟੀਏ ਭਾਈ ਵੀਰ ਸਿੰਘ ਵੀਰ ਦੀ ਸਾਥਣ ਬਣ ਕੇ ਮਾਤਾ ਸੁਰਜੀਤ ਕੌਰ ਦੀ ਜ਼ਿਦਗੀ ਵਿੱਚ ਹੋਰ ਜ਼ਿਆਦਾ ਨਿਖਾਰ ਆਇਆ। ਭਾਰਤ ਦੇ ਅਜ਼ਾਦੀ ਸੰਘਰਸ਼ ਦੌਰਾਨ ਅੰਮ੍ਰਿਤਸਰ ਦੇ ਵਸਨੀਕ ਭਾਈ ਵੀਰ ਸਿੰਘ ਵੀਰ ਨੇ ਸਾਲ 1942 ਵਿੱਚ ਮਹਾਤਮਾ ਗਾਂਧੀ ਨਾਲ ਚਾਰ ਸਾਲ ਦੀ ਜੇਲ੍ਹ ਕੱਟੀ। ਇਸ ਅਰਸੇ ਦੌਰਾਨ ਮਾਤਾ ਸੁਰਜੀਤ ਕੌਰ ਵੀ ਉਨ੍ਹਾਂ ਨਾਲ ਦ੍ਰਿੜ੍ਹਤਾ ਨਾਲ ਖੜ੍ਹੇ ਰਹੇ ਅਤੇ ਉਨ੍ਹਾਂ ਨੇ ਵੀ ਆਪਣੇ ਪਤੀ ਨਾਲ 10 ਮਹੀਨੇ ਕੈਦ ਵਿੱਚ ਬਿਤਾਏ। ਕੈਬਨਿਟ ਮੰਤਰੀ ਜੌੜਾਮਾਜਰਾ ਨੇ ਇਸ ਦੁੱਖ ਦੀ ਘੜੀ ਵਿੱਚ ਦੁਖੀ ਪਰਵਾਰ ਨਾਲ ਦਿਲੀ ਹਮਦਰਦੀ ਜ਼ਾਹਰ ਕਰਦਿਆਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ਣ ਅਤੇ ਦੁਖੀ ਪਰਵਾਰ ਅਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਮਾਤਾ ਸੁਰਜੀਤ ਕੌਰ ਆਪਣੇ ਪ

17-Sep-Sunday.qxd 9/16/2023 10:19 PM Page 1

ਸੁਖਮਿੰਦਰ ਸੇਖੋਂ ਦੀਆਂ ਨਵੀਆਂ ਕਵਿਤਾਵਾਂ
ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 17 ਸਤੰਬਰ 2023

www.nawanzamana.in

ਕੀਮਤ 5.00 ਰੁਪਏ

ਸਿਖਰ ਦੁਪਹਿਰੇ ਕਰਨਗੇ
ਤੇਰੇ ਸਿਰ 'ਤੇ ਛਾਂ
ਘਰ ਵਿੱਚ ਥੋੜ੍ਹੀ ਰੱਖ ਲੈ
ਬਿਰਖਾਂ ਜੋਗੀ ਥਾਂ।

- ਮਨਜਿੰਦਰ ਧਨੋਆ

ਫਲਸਫ਼ੇ ਦੀ ਪ੍ਰਸੰਗਿਕਤਾ

ਜਗਰੂਪ

ਮਾਰਕਸਵਾਦ ਸਦਾ ਰਾਹ-ਦਸੇਰਾ

ਭਾਗ-9

"ਕੰਮ-ਦਿਹਾੜੀ" ਚੈਪਟਰ ਦੇ, "ਨਾਰਮਲ ਕੰਮ ਦਿਹਾੜੀ ਲਈ ਸੰਗਰਾਮ" ਭਾਗ ਵਿਚ, ਜਮਾਤੀ-ਘੋਲ ਦੇ ਦੋਵੇਂ ਪੱਖਾਂ ਉਤੇ ਵਿਚਾਰ ਹੋਇਆ ਹੈ। ਇਹ ਉਸ ਦੌਰ ਦਾ ਉਲੇਖ ਹੈ ਜਦੋਂ ਸਰਮਾਏਦਾਰ

ਕਿਰਤ ਸ਼ਕਤੀ ਨਚੋੜਨ ਲਈ ਕੰਮ-ਦਿਹਾੜੀ ਨੂੰ ਵੱਧ ਤੋਂ ਵੱਧ ਸੰਭਵ ਹੱਦ ਤੱਕ ਲੰਮਾ ਖਿੱਚਣ ਦੀ ਤਾਕ ਵਿਚ ਹੁੰਦਾ ਸੀ ਅਤੇ ਕਿਰਤੀ ਕੰਮ ਦਿਹਾੜੀ ਦੀ ਕਾਨੂੰਨੀ ਸੀਮਾ 12 ਤੋਂ 10 ਅਤੇ ਫਿਰ 8 ਘੰਟੇ ਕਰਵਾਉਣ ਲਈ ਆਹਮਣੇ-ਸਾਹਮਣੇ ਸੀ। ਇਸ ਵਿਚ ਜਿੱਤ ਮਜ਼ਦੂਰ ਜਮਾਤ ਦੀ ਹੋਈ, ਇਹ ਜੱਗ ਜ਼ਾਹਰ ਹੈ।

"ਨਾਰਮਲ ਕੰਮ ਦਿਹਾੜੀ" ਵਿਚ ਕਿਰਤੀ ਨੂੰ ਨਚੋੜਨ ਦਾ ਸੂਤਰ, "ਵਾਧੂ-ਮੁੱਲ ਦਾ ਸਿਧਾਂਤ" (Theory of surplus value) ਸੀ।

ਵਾਧੂ-ਮੁੱਲ ਹਥਿਆਉਣ ਲਈ, ਉਹ ਕੰਮ ਦਿਹਾੜੀ ਲੰਮੀ ਕਰਕੇ, ਜੋ ਹਥਿਆਉਂਦਾ ਸੀ, ਮਾਰਕਸ ਉਸ ਨੂੰ

"ਨਿਰਪੇਖ ਵਾਧੂ-ਮੁੱਲ" (Absolute surplus value) ਦਾ ਨਾਂਅ ਦਿੰਦਾ ਹੈ।

* "ਕੰਮ-ਦਿਨ ਨੂੰ ਲੰਮਾ ਕਰਕੇ ਪੈਦਾ ਕੀਤੇ ਵਾਧੂ-ਮੁੱਲ ਨੂੰ ਮੈਂ ਨਿਰਪੇਖ ਵਾਧੂ-ਮੁੱਲ ਦਾ ਨਾਂਅ ਦਿੰਦਾ ਹਾਂ। ਦੂਜੇ ਪਾਸੇ, ਜ਼ਰੂਰੀ-ਕਿਰਤ ਸਮੇਂ ਨੂੰ ਛੋਟਾ ਕਰਕੇ ਅਤੇ ਕੰਮ-ਦਿਨ ਦੇ ਦੋਹਾਂ ਅੰਗਾਂ ਦੀਆਂ ਪ੍ਰਸਪਰ ਲੰਬਾਈਆਂ ਵਿਚ ਅਨੁਸਾਰੀ ਤਬਦੀਲੀ ਕਰਕੇ ਪੈਦਾ ਹੋਣ ਵਾਲੇ ਵਾਧੂ-ਮੁੱਲ ਨੂੰ, ਮੈਂ ਸਾਪੇਖ ਵਾਧੂ-ਮੁੱਲ ਆਖਦਾ ਹਾਂ।" (ਸਰਮਾਇਆ, ਸਫ਼ਾ 328)

ਕਿਉਂਕਿ ਜਿੰਨਾ ਵੱਧ ਸਮਾਂ ਕੰਮ ਕਰਵਾਇਆ, ਉਹ ਸਾਰਾ ਵਾਧੂ-ਮੁੱਲ ਦੇ ਖਾਤੇ ਰਾਹੀਂ ਮਾਲਕ ਦਾ ਮੁਨਾਫਾ ਬਣਦਾ ਸੀ। ਇਸ ਲਈ ਉਹ ਨਿਰਪੇਖ ਵਾਧੂ-ਮੁੱਲ ਸੀ। ਇਸ ਤਰ੍ਹਾਂ ਨਿਰਪੇਖ (Absolute) ਅਤੇ ਸਾਪੇਖ (Relative), ਵਾਧੂ-ਮੁੱਲ ਦੇ ਵਖਰੇਵੇਂ ਦਾ ਉਲੇਖ ਹੈ।

ਜਦੋਂ 'ਕੰਮ-ਦਿਹਾੜੀ ਦੀ ਕਾਨੂੰਨੀ ਸੀਮਾ' ਲਾਗੂ ਹੋ ਗਈ ਤਾਂ, ਸਰਮਾਏਦਾਰ ਦੀ ਨਵੀਂ ਨੀਤੀ, ਮਸ਼ੀਨਰੀ ਦੀ ਬਿਹਤਰੀ ਨਾਲ, ਕੰਮ ਦੀ ਤੇਜ਼ੀ ਨਾਲ,

ਕੰਮ ਦਿਹਾੜੀ ਦੀ ਕਾਨੂੰਨੀ ਸੀਮਾ ਦੇ ਅੰਦਰ ਹੀ, "ਸਾਪੇਖ ਵਾਧੂ-ਮੁੱਲ ਸਿਧਾਂਤ" ਉਪਰ ਅਮਲ ਚੱਲ ਪਿਆ। ਹੁਣ ਉਹ "ਕੰਮ ਦਿਹਾੜੀ ਸਮੇਂ" ਦੇ ਭਾਗਾਂ 'ਚੋਂ 'ਜ਼ਰੂਰੀ ਕੰਮ ਸਮਾਂ' ਨੂੰ ਛੋਟਾ ਕਰਕੇ, ਅਨੁਪਾਤੀ ਰੂਪ ਵਿਚ, "ਵਾਧੂ ਕੰਮ ਸਮਾਂ", ਜੋ "ਵਾਧੂ-ਮੁੱਲ" ਦਿੰਦਾ ਹੈ, ਨੂੰ ਵੱਡਾ ਕਰਕੇ, ਕਿਰਤੀ ਦੀ "ਸਾਪੇਖ" ਲੁੱਟ ਦਾ ਰਾਹ ਚੁਣਦਾ ਹੈ।

ਇਸ ਨੂੰ ਮਾਰਕਸ "ਸਾਪੇਖ ਵਾਧੂ-ਮੁੱਲ ਸਿਧਾਂਤ"
(Theory of Relative surplus value)
ਦਾ ਨਾਂਅ ਦਿੰਦਾ ਹੈ।

ਉਹ, ਜੋ "ਵਾਧੂ-ਮੁੱਲ ਸਿਧਾਂਤ" ਅਤੇ "ਸਾਪੇਖ ਵਾਧੂ-ਮੁੱਲ ਸਿਧਾਂਤ" ਦਾ ਅੰਤਰ ਨਹੀਂ ਕਰਦੇ, ਉਹ

ਮਜ਼ਦੂਰ ਜਮਾਤ ਦੀ ਮੁਕਤੀ ਦੇ ਸੰਗਰਾਮ ਦੀ ਅਗਵਾਈ ਕਰਨ ਵਿਚ ਵੀ ਭਟਕ ਜਾਂਦੇ ਹਨ।

ਉਹ "ਆਮ ਕੰਮ ਦਿਹਾੜੀ" (Normal Working Day) ਨੂੰ, ਦਵੰਦਵਾਦ ਢੰਗ ਦੀ ਥਾਂ ਅਧਿਆਤਮਵਾਦ ਢੰਗ ਨਾਲ ਲੈਂਦੇ ਹਨ। ਉਹ, 'ਗੈਰ-ਦਵੰਦਵਾਦੀ' ਪਹੁੰਚ 'ਤੇ ਅਟਕ ਜਾਂਦੇ ਹਨ। ਜਿਵੇਂ 'ਗੋਥਾ ਪ੍ਰੋਗਰਾਮ' ਦੇ ਧਾਰਨੀ "ਆਮ-ਕੰਮ-ਦਿਨ" ਦੇ ਸਵਾਲ ਉਪਰ ਅਧਿਆਤਮਵਾਦੀ ਢੰਗ ਦਾ ਰਾਹ ਲੈ ਬੈਠੇ ਸਨ, ਜਿਸ ਦੀ ਆਲੋਚਨਾ ਮਾਰਕਸ ਨੇ ਕੀਤੀ ਸੀ ਅਤੇ ਨਾਲ ਹੀ "ਨਾਰਮਲ" ਨੂੰ, ਪ੍ਰਸਥਿਤੀਆਂ ਨਿਰਧਾਰਤ ਕਰਦੀਆਂ ਹਨ, ਦੀ ਸੇਧ ਦਿੱਤੀ ਸੀ। 'ਨਾਰਮਲ' ਨਿਰਪੇਖ ਨਹੀਂ, ਸਾਪੇਖ ਹੈ।

ਅਸਲ ਵਿਚ, ਜਿਣਸਾਂ ਦੇ ਦੋਹਰੇ ਖਾਸੇ : ਵਰਤੋਂ-ਮੁੱਲ ਅਤੇ ਮੁੱਲ ਦੀ ਸਮਝਦਾਰੀ ਦਾ ਕੱਚਾ-ਪਣ ਮੁਸ਼ਕਲਾਂ ਖੜੀਆਂ ਕਰਦਾ ਹੈ। ਇਹ ਨਵੀਂ ਸਮਝ (ਅੱਜ ਤੱਕ ਵੀ) ਆਮ ਧਾਰਨਾ ਨਹੀਂ ਬਣੀ। ਮਾਰਕਸ ਨੇ ਦਾਸ-ਕੈਪੀਟਲ ਵਿਚ ਇਹ ਨੋਟ ਕਰਵਾਇਆ ਹੋਇਆ ਹੈ :

* "ਜਿਣਸਾਂ ਵਿਚ ਸ਼ਾਮਲ ਕਿਰਤ ਦੇ ਏਸ ਦੋਹਰੇ ਲੱਛਣ ਨੂੰ ਮੈਂ ਹੀ ਸਭ ਤੋਂ ਪਹਿਲਾਂ ਦੱਸਿਆ ਅਤੇ ਪੜਚੋਲੀ ਤੌਰ 'ਤੇ ਇਸ ਦਾ ਅਧਿਐਨ ਕੀਤਾ। ਕਿਉਂ ਜੋ ਇਹ ਨੁਕਤਾ ਉਹ ਧੁਰਾ ਹੈ, ਜਿਸ ਦੁਆਲੇ ਰਾਜਨੀਤਕ ਆਰਥਿਕਤਾ ਦੀ ਸਾਫ ਸਮਝ ਘੁੰਮਦੀ ਹੈ, ਇਸ ਲਈ ਸਾਨੂੰ ਵਧੇਰੇ ਵੇਰਵੇ ਵਿਚ ਜਾਣਾ ਚਾਹੀਦਾ ਹੈ।" (ਸਰਮਾਇਆ, ਸਫਾ 54)

"ਜਿਣਸਾਂ, ਮੁੱਲ ਅਤੇ ਕਿਰਤ", ਤਿੰਨਾਂ ਦੇ ਦੋਹਰੇ ਖਾਸੇ (ਲੱਛਣ) ਦੀ ਆਮ ਸਮਝ ਬਗੈਰ, ਮੁਸ਼ਕਲਾਂ ਰਾਹ ਰੋਕਣ ਅਤੇ ਗਲਤ ਰਾਹ ਪੈਣ ਦਾ ਸਬੱਬ ਬਣਦੀਆਂ ਹਨ। ਇਹਨਾਂ ਦੀ ਸਹੀ ਸਮਝਦਾਰੀ ਦਾ

ਵਿਰੋਧਵਿਕਾਸੀ ਢੰਗ, ਮੁਕਤੀ ਦਾ ਮਾਰਗ-ਦਰਸ਼ਨ ਹੈ। ਦਾਰਸ਼ਨਿਕ ਭਾਸ਼ਾ ਵਿਚ ਇਹ, ਸੰਜੀਵ ਰਾਹ ਦਸੇਰਾ (Living guide to action) ਹੈ।

ਕਿਉਂਕਿ ਇਹ ਸਮੁੱਚੀ ਰਾਜਨੀਤਕ ਆਰਥਿਕਤਾ ਦਾ ਧੁਰਾ ਹੈ, 'ਵਾਧੂ-ਮੁੱਲ ਦਾ ਸਿਧਾਂਤ' ਅਤੇ ਨਵੇਂ ਦੌਰ ਦਾ

'ਸਾਪੇਖ ਵਾਧੂ-ਮੁੱਲ ਦਾ ਸਿਧਾਂਤ' ਵੀ ਇਸ ਦੇ ਦੁਆਲੇ ਘੁੰਮਦਾ ਹੈ।

ਮਾਰਕਸ ਨੇ ਦਾਸ-ਕੈਪੀਟਲ ਵਿਚ ਜਿਵੇਂ ਸਰਮਾਏ ਦੇ ਵਿਕਾਸ ਅਤੇ ਸਿਖਰ ਦਾ ਉਲੇਖ ਕੀਤਾ ਹੈ, ਉਵੇਂ

ਕਿਰਤ ਦੀ ਧਿਰ (ਪਰੋਲਤਾਰੀ ਜਿਸ ਦਾ ਆਗੂ ਹੈ) ਦੇ ਮੁਕਤੀ-ਮਾਰਗ ਦਾ ਵਿਕਾਸ ਅਤੇ ਸਿਖਰ ਦਾ ਉਲੇਖ ਵੀ ਬਾਖੂਬੀ ਕੀਤਾ ਹੈ।

'ਬਿੰਦੂ' ਤੇ ਰੇਖਾਵਾਂ ਦੀਆਂ ਦਿਸ਼ਾਵਾਂ ਕੌਣ ਬਣਾਉਂਦੀਆਂ ਅਤੇ ਆਕਾਰ ਮਿੱਥਦੀਆਂ ਹਨ। "ਆਮ-ਕੰਮ-ਦਿਨ" (Normal Working Day) ਦੀ ਕਾਨੂੰਨੀ ਸੀਮਾ ਨਿਸਚਤ ਹੋਣ ਨਾਲ ਵੀ 'ਜ਼ਰੂਰੀ ਕਿਰਤ ਸਮਾਂ' ਅਤੇ 'ਵਾਧੂ-ਕਿਰਤ ਸਮਾਂ' ਦੀਆਂ, ਉਲਟ ਦਿਸ਼ਾਵੀ ਸਾਪੇਖ ਤਬਦੀਲੀਆਂ, ਕਿਰਤੀਆਂ ਲਈ ਉਜਰਤਾਂ ਅਤੇ ਮਾਲਕਾਂ ਲਈ ਮੁਨਾਫੇ ਦਾ ਆਧਾਰ ਅਤੇ ਆਕਾਰ ਮਿੱਥਦੀਆਂ ਹਨ।

ਪੁਰਾਣੇ 'ਵਾਧੂ ਮੁੱਲ' ਢੰਗ ਦੀ ਥਾਂ, ਹੁਣ 'ਸਾਪੇਖ ਵਾਧੂ-ਮੁੱਲ' ਢੰਗ ਰਾਹੀਂ ਮਾਲਕ ਦਾ ਮੁਨਾਫਾ ਵਧਦਾ ਹੈ। ਇਹ ਕਿਰਤ ਉਤਪਾਦਕਤਾ ਦੇ ਵਾਧੇ ਦਾ 'ਕ੍ਰਿਸ਼ਮਾ' ਹੈ। ਉਤਪਾਦਕਤਾ ਦਾ ਵਾਧਾ ਨਵੇਂ ਲੱਛਣ ਵਾਲਾ ਹੈ। ਇਹ ਕੇਵਲ ਮਾਲਕ ਦਾ ਮੁਨਾਫਾ ਨਹੀਂ ਵਧਾਉਂਦਾ, ਇਹ ਸੰਜੀਵ-ਕਿਰਤ (ਕਿਰਤੀ) ਦੀ ਲੋੜ ਨੂੰ ਵੀ ਘਟਾਉਂਦਾ ਹੈ। ਉਦਾਹਰਨ ਲਈ ਇਕ ਉਤਪਾਦਕਤਾ ਪੱਧਰ ਉਤੇ ਜੋ 100% ਕਿਰਤੀ ਚਾਹੀਦੇ ਹਨ, ਤਾਂ ਉਤਪਾਦਕਤਾ ਦੋ-ਗੁਣੀ ਹੋਣ 'ਤੇ 50% ਕਿਰਤੀ ਚਾਹੀਦੇ ਹਨ, ਅਗਲੀ ਵਾਰ ਉਤਪਾਦਕਤਾ ਦੋ-ਗੁਣਾ ਹੋਣ 'ਤੇ ਲੋੜਾਂ ਦੀ ਪੂਰਤੀ ਲਈ 25% ਕਿਰਤੀਆਂ ਦੀ ਲੋੜ ਰਹਿ ਜਾਵੇਗੀ।

ਇਸੇ ਲਈ ਮਾਰਕਸ ਨੇ "ਦਾਸ ਕੈਪੀਟਲ" ਦੇ ਕਾਂਡ 15 (ਜੋ 157 ਸਫਿਆਂ 'ਤੇ ਵਿਸਥਾਰਿਆ ਹੈ) :

'ਮਸ਼ੀਨਰੀ ਅਤੇ ਆਧੁਨਿਕ ਸਨਅਤ' ਵਿਚ

ਕਿਹਾ ਸੀ (ਜਿਸ ਦਾ ਹਵਾਲਾ ਪਹਿਲਾਂ ਹੀ ਦਿੱਤਾ ਹੋਇਆ ਹੈ) ...."ਕਿਰਤ ਦੇ ਘੰਟਿਆਂ ਨੂੰ ਲੰਮਾ ਕਰਨ ਦੀ ਸਦਾ-ਸਦਾ ਲਈ ਮਨਾਹੀ ਹੋ ਜਾਣ ਪਿੱਛੋਂ ਜਿਹੜੀ ਰੁਚੀ ਤੁਰੰਤ ਹੀ ਪੂੰਜੀਪਤੀ ਨੂੰ ਲਗਾਤਾਰ ਕਿਰਤ ਦੀ ਤੀਬਰਤਾ ਵਧਾ ਕੇ ਆਪਣਾ ਘਾਟਾ ਪੂਰਾ ਕਰਨ ਲਈ ਅਤੇ ਮਸ਼ੀਨਰੀ ਵਿਚ ਹੋਣ ਵਾਲੀ ਹਰੇਕ ਬਿਹਤਰੀ ਨੂੰ, ਕਾਮੇ ਨੂੰ ਨਚੋੜਨ ਦੇ ਵੱਧ ਤੋਂ ਵੱਧ ਕਾਰਗਰ ਸਾਧਨ ਵਿਚ ਬਦਲ ਦੇਣ ਲਈ ਉਕਸਾਉਂਦੀ ਹੈ, ਉਹ ਰੁਚੀ ਛੇਤੀ ਹੀ ਇਕ ਅਜਿਹੀ ਹਾਲਤ ਲਾਜ਼ਮੀ ਤੌਰ 'ਤੇ ਪੈਦਾ ਕਰ ਦੇਵੇਗੀ ਜਿਸ ਵਿਚ ਕਿਰਤ ਦੇ ਘੰਟਿਆਂ ਨੂੰ ਘਟਾਉਣਾ ਫੇਰ ਲਾਜ਼ਮੀ ਹੋ ਜਾਵੇਗਾ।"

ਇੰਜ ਮਾਰਕਸ "ਛੁਟੇਰੀ ਕੰਮ ਦਿਹਾੜੀ" ਦਾ ਨੇਮ ਪੇਸ਼ ਕਰਦਾ ਹੈ। ਇਹ ਸਮਝ ਆਉਣ ਪਿੱਛੋਂ ਹੀ ਅਸੀਂ ਲੈਨਿਨ ਦੁਆਰਾ ਕੀਤੀ ਮਾਰਕਸ ਦੀ ਵਡਿਆਈ ਦੀ ਬੁਲੰਦੀ ਨੂੰ ਸਮਝ ਸਕਦੇ ਹਾਂ, ਜਦੋਂ ਉਸ ਕਿਹਾ ਸੀ :

* "..ਮਾਰਕਸ ਅਧਿਕਾਰਾਂ ਦੇ ਇਹਨਾਂ ਧੂੰਆਂਧਾਰ ਐਲਾਨਾਂ ਦੀ ਉਸ ਸਾਦੇ, ਨਿਰਮਾਣ, ਅਮਲੀ, ਸਰਲ ਢੰਗ ਨਾਲ ਤੁਲਨਾ ਕਰਦਾ ਹੈ, ਜਿਸ ਵਿਚ ਇਸ ਸਵਾਲ ਨੂੰ ਪਰੋਲਤਾਰੀ ਨੇ ਪੇਸ਼ ਕੀਤਾ ਹੈ—ਛੁਟੇਰੀ ਕੰਮ-ਦਿਹਾੜੀ ਨੂੰ ਵਿਧਾਨਕ ਰੂਪ ਵਿੱਚ ਕਾਨੂੰਨ ਬਣਾਉਣਾ ਅਜਿਹੇ ਵਿਹਾਰ ਦੀ ਇਕ ਵਿਸ਼ੇਸ਼ ਮਿਸਾਲ ਹੈ।"

ਇਹ ਮਨੁੱਖਤਾ ਦੇ ਮੁਕਤੀ-ਮਾਰਗ ਦਾ ਕੇਂਦਰੀ ਧੁਰਾ ਹੈ। ਜਦੋਂ ਕਿਰਤ ਮੁੱਲ ਸਿਰਜਕ ਹੈ। ਕਿਰਤ ਦੀ ਲੁੱਟ ਨਾਲ ਮਾਲਕ ਮੁਨਾਫੇ ਵਧਾਉਂਦੇ ਹਨ ਤਾਂ ਕਿਰਤ ਦੀ ਲੁੱਟ ਘਟਾ ਕੇ, ਰੋਕ ਕੇ ਹੀ, ਮੁਕਤੀ-ਮਾਰਗ 'ਤੇ ਅੱਗੇ ਵਧਿਆ ਜਾਣਾ ਹੈ, ਹੋਰ ਕੋਈ ਰਾਹ ਨਹੀਂ ਹੈ।

ਮਾਰਕਸ ਦਾਸ ਕੈਪੀਟਲ ਵਿਚ "ਛੁਟੇਰੀ ਕੰਮ ਦਿਹਾੜੀ" ਦਾ ਆਕਾਰ ਅਤੇ ਸਾਰ ਪੇਸ਼ ਕਰਦਾ ਹੈ।

* " ..ਕੰਮ-ਦਿਨ ਨੂੰ ਛੋਟਾ ਕੀਤੇ ਜਾਣਾ ਕਿਰਤ-ਸ਼ਕਤੀ ਦੇ ਮੁੱਲ ਵਿਚ ਅਤੇ ਜ਼ਰੂਰੀ-ਕੰਮ-ਸਮੇਂ ਵਿਚ ਕੋਈ ਤਬਦੀਲੀ ਨਹੀਂ ਲਿਆਉਂਦਾ। ਇਹ ਵਾਧੂ-ਕਿਰਤ ਅਤੇ ਵਾਧੂ-ਮੁੱਲ ਨੂੰ ਘਟਾ ਦਿੰਦਾ ਹੈ। ਵਾਧੂ-ਮੁੱਲ ਦੇ ਨਿਰਪੇਖ ਆਕਾਰ ਦੇ ਨਾਲ-ਨਾਲ ਇਹਦਾ ਸਾਪੇਖ ਆਕਾਰ ਵੀ ਘਟ ਜਾਂਦਾ ਹੈ, ਭਾਵ ਕਿਰਤ-ਸ਼ਕਤੀ ਦੇ ਮੁੱਲ ਦੀ, ਜੀਹਦਾ ਆਕਾਰ ਨਹੀਂ ਬਦਲਦਾ, ਤੁਲਨਾ ਵਿਚ ਇਹਦਾ (ਵਾਧੂ-ਮੁੱਲ) ਆਕਾਰ ਘਟ ਜਾਂਦਾ ਹੈ।"....(ਸਰਮਾਇਆ, ਸਫਾ 566)

1) ਇਸ ਤਰ੍ਹਾਂ ਕਿਰਤ-ਸ਼ਕਤੀ ਦਾ ਮੁੱਲ, (ਉਜਰਤ) ਸਾਪੇਖ ਰੂਪ ਵਿਚ ਵਧ ਜਾਂਦਾ ਹੈ, ਕਿਉਂਕਿ ਵਾਧੂ-ਮੁੱਲ ਦਾ ਆਕਾਰ ਘਟ ਗਿਆ ਹੈ।

2) ਜਦੋਂ ਉਤਪਾਦਕਤਾ ਦੇ, 'ਫੀ ਸਦੀ' ਵਾਧੇ ਨਾਲ,

"ਕੰਮ-ਦਿਨ" ਵਿਚ ਜ਼ਰੂਰੀ-ਕਿਰਤ ਦਾ ਅਨੁਪਾਤ,

ਉਲਟ ਅਨੁਪਾਤੀ ਹੋਣ ਕਾਰਨ, ਓਨੇ ਫੀਸਦੀ ਘਟਦਾ ਹੈ ਤਾਂ ਕਿਰਤੀ ਨੂੰ ਕੰਮ ਤੋਂ ਬਾਹਰ ਕਰਦਾ ਹੈ, ਪਰ ਹੁਣ (ਕੰਮ-ਦਿਨ ਛੋਟਾ ਹੋਣ ਨਾਲ) ਜ਼ਰੂਰੀ-ਕੰਮ-ਦਿਨ ਮੁਕਾਬਲਤਨ ਵੱਡਾ ਹੋ ਗਿਆ ਹੈ, ਇਸ ਲਈ ਕਿਰਤੀ ਕੰਮ ਤੋਂ ਬਾਹਰ ਜਾਣ ਦਾ ਰਾਹ

ਬੰਦ ਕਰਨ ਦਾ ਸੂਤਰ ਸਾਹਮਣੇ ਆ ਜਾਂਦਾ ਹੈ।

ਇਸੇ ਲਈ ਮਾਰਕਸਵਾਦ "ਛੁਟੇਰੀ ਕੰਮ ਦਿਹਾੜੀ" ਦਾ ਝੰਡਾ-ਬਰਦਾਰ ਹੈ।

ਇਹ ਕਿੱਥੋਂ ਤੱਕ ਛੋਟੀ ਹੋ ਸਕਦੀ ਹੈ ?

ਇਸ ਦਾ ਉਲੇਖ ਵੀ ਦਾਸ-ਕੈਪੀਟਲ ਵਿਚ ਬਾਖੂਬੀ



ਵਿਚਾਰਿਆ ਗਿਆ ਹੈ :

* "ਕਿਰਤ ਦਾ ਉਪਜਾਊ-ਪੁਣਾ ਜਿੰਨਾ ਵਧਦਾ ਹੈ, ਕੰਮ ਦਾ ਦਿਨ ਓਨਾ ਹੀ ਬਹੁਤਾ ਛੋਟਾ ਕੀਤਾ ਜਾ ਸਕਦਾ ਹੈ ਅਤੇ ਕੰਮ ਦਾ ਦਿਨ ਜਿੰਨਾ ਬਹੁਤਾ ਛੋਟਾ ਕੀਤਾ ਜਾ ਸਕਦਾ ਹੈ, ਕਿਰਤ ਦੀ ਤੀਬਰਤਾ ਓਨੀ ਹੀ ਬਹੁਤੀ ਵਧ ਸਕਦੀ ਹੈ।" (ਸਰਮਾਇਆ, ਸਫਾ 570)

ਮਾਰਕਸ ਦਾ ਉਪਰੋਕਤ ਕਥਨ, ਅੱਜ ਦੇ ਆਰਟੀਫਿਸ਼ਲ ਇੰਟੈਲੀਜੈਂਸ ਦੌਰ ਵਿਚ ਕਿਸੇ ਸਬੂਤ ਦਾ ਮੁਥਾਜ਼ ਨਹੀਂ ਹੈ। ਸੱਚ ਮੂੰਹ ਚੜ੍ਹ ਕੇ ਬੋਲ ਰਿਹਾ ਹੈ।

ਮਾਰਕਸ 17ਵੇਂ ਕਾਂਡ "ਆਕਾਰ ਦੀਆਂ ਤਬਦੀਲੀਆਂ" ਵਿਚ ਕੰਮ ਦਿਨ ਨੂੰ ਸਮਾਜਕ ਰੂਪ ਵਿਚ ਪੇਸ਼ ਕਰਕੇ ਲਿਖਦਾ ਹੈ :

* "ਜੇ ਕਿਰਤ ਦੀ ਤੀਬਰਤਾ ਅਤੇ ਉਪਜਾਊ-ਪੁਣਾ

ਨਿਸਚਤ ਹੋਣ, ਜਿਉਂ-ਜਿਉਂ ਸਮਾਜ ਦੇ ਸਾਰੇ ਤੰਦਰੁਸਤ ਮੈਂਬਰਾਂ ਵਿਚਕਾਰ ਕੰਮ ਦੀ ਵੰਡ ਵਧੇਰੇ ਹੀ ਵਧੇਰੇ ਸਾਵੀਂ (ਬਰਾਬਰ) ਕੀਤੀ ਜਾਂਦੀ ਹੈ ਅਤੇ ਜਿਉਂ-ਜਿਉਂ ਕਿਸੇ ਖਾਸ ਜਮਾਤ ਨੂੰ ਕਿਰਤ ਦਾ ਕੁਦਰਤੀ ਬੋਝ ਆਪਣੇ ਮੋਢਿਆਂ ਤੋਂ ਲਾਹ ਕੇ ਸਮਾਜ ਦੇ ਕਿਸੇ ਹੋਰ ਤਬਕੇ ਦੇ ਮੋਢਿਆਂ ਉਤੇ ਪਾਉਣ ਦੀ ਤਾਕਤ ਤੋਂ ਬਹੁਤਾ ਹੀ ਬਹੁਤਾ ਵਿਰਵਾ ਕੀਤਾ ਜਾਂਦਾ ਹੈ, ਤਿਉਂ-ਤਿਉਂ ਉਹ ਸਮਾਂ ਜੋ ਸਮਾਜ ਵੱਲੋਂ ਪਦਾਰਥਕ ਉਤਪਾਦਨ ਦੇ ਲੇਖੇ ਲਾਏ ਜਾਣਾ ਜ਼ਰੂਰੀ ਹੁੰਦਾ ਹੈ, ਛੁਟੇਰਾ ਹੁੰਦਾ ਜਾਂਦਾ ਹੈ ਅਤੇ ਨਤੀਜੇ ਵਜੋਂ ਵਿਅਕਤੀ ਦੀ ਬੌਧਿਕ ਤੇ ਸਮਾਜੀ ਆਜ਼ਾਦ ਤਰੱਕੀ ਲਈ ਉਹਨੂੰ ਹਾਸਲ ਸਮਾਂ ਵਡੇਰਾ ਹੁੰਦਾ ਜਾਂਦਾ ਹੈ।

ਇਸ ਸੇਧ ਵਿੱਚ ਕੰਮ ਦੇ ਦਿਨ ਦੇ ਛੋਟੇ ਹੋਣ ਉਤੇ ਕਿਰਤ ਦੇ ਸਧਾਰਨੀਕਰਨ ਦੇ ਰੂਪ ਵਿਚ ਆਖਰ ਰੋਕ ਲੱਗ ਹੀ ਜਾਂਦੀ ਹੈ।"

ਕੰਮ-ਦਿਨ, ਕਦੀ ਵੀ ਕੁਦਰਤੀ ਲੰਬਾਈ=24 ਘੰਟੇ ਨਹੀਂ ਹੋ ਸਕਦਾ ਅਤੇ ਇਹ, ਭਾਵ ਸਮਾਜਕ-ਕੰਮ-ਦਿਨ-ਸਮਾਂ, ਸਿਫਰ ਵੀ ਕਦੀ ਨਹੀਂ ਹੋ ਸਕਦਾ।

ਭਾਗ-10

"ਜਿਣਸਾਂ ਦੀਆਂ ਜੜ੍ਹ-ਚਲਿੱਤਰੀਆਂ ਅਤੇ ਉਹਦਾ ਭੇਤ"
(THE FETISHISM OF COMMODITIES AND THE SECRET THEREOF)

"ਜਿਣਸਾਂ" ਦੇ ਅਤਿ ਮਹੱਤਵ ਵਾਲੇ ਚੈਪਟਰ ਦਾ ਇਹ ਆਖਰੀ (ਚੌਥਾ) ਭਾਗ ਹੈ। ਇਸ ਵਿਚ ਉਪਜਾਂ, ਵਸਤਾਂ ਅਤੇ ਜਿਣਸਾਂ ਦਾ ਉਲੇਖ ਦਾਰਸ਼ਨਿਕ-ਵਿਰੋਧਵਿਕਾਸ ਦੇ ਪੱਧਰ ਉਤੇ, ਪਰ ਅਮਲ ਵਿਚ ਨਜਿੱਠਿਆ ਗਿਆ ਹੈ। ਇਹ ਖੋਜ-ਕਰਨ ਅਤੇ ਪੇਸ਼-ਕਰਨ ਦੇ ਦੋਹਰੇ ਖਾਸੇ ਵਾਲਾ ਹੋਣ ਕਾਰਨ ਗਾੜ੍ਹਾ ਜ਼ਰੂਰ ਹੈ, ਪਰ ਹੈ ਬੜੀ ਕਮਾਲ ਦਾ ਤੇ ਆਨੰਦਲਾ।

ਮਾਰਕਸ ਦਾ ਉਦੇਸ਼, "ਜਿਣਸਾਂ ਦੀਆਂ ਜੜ੍ਹ-ਚਲਿੱਤਰੀਆਂ ਅਤੇ ਉਸ ਦੇ ਭੇਤ" ਤੋਂ ਪਰਦਾ ਹਟਾਉਣਾ ਅਤੇ ਜਿਣਸ ਉਤਪਾਦਨ ਦੀ 'ਹੋਣੀ' ਬਿਆਨ ਕਰਨਾ ਹੈ। ਜਦੋਂ ਉਦੇਸ਼ ਸਮਝ ਆ ਜਾਵੇ ਤਾਂ ਵੇਰਵੇ ਅਤੇ ਵਰਨਣ ਸਮਝ ਆਉਣੇ ਆਸਾਨ ਹੋ ਜਾਂਦੇ ਹਨ। ਮਾਰਕਸ ਦੇ ਉਲੇਖ ਦੇ ਖੰਡ-ਹਵਾਲੇ (ਮੇਰੇ ਵੱਲੋਂ ਨੇ) ਵਖਰੇਵਿਆਂ ਨਾਲ ਪੇਸ਼ ਹਨ :

* "ਜਿਣਸ, ਪਹਿਲੀ ਨਜ਼ਰੇ, ਇਕ ਬੜੀ ਤੁੱਛ ਜੇਹੀ, ਸੌਖੀ ਤਰ੍ਹਾਂ ਸਮਝੀ ਜਾਣ ਵਾਲੀ ਚੀਜ਼ ਦਿਸਦੀ ਹੈ। ਇਸ ਦਾ ਵਿਸ਼ਲੇਸ਼ਣ ਵਿਖਾਉਂਦਾ ਹੈ ਕਿ ਇਹ ਹਕੀਕਤ ਵਿਚ ਇਕ ਬੜੀ ਹੀ ਅਜੀਬ ਚੀਜ਼ ਹੈ, ਚੱਕਰਵਰਤੀ-ਸੂਖਮਤਾਈਆਂ ਤੇ ਪਰਮਾਰਥਕ ਬਾਰੀਕੀਆਂ ਨਾਲ ਭਰੀ ਹੋਈ ਹੈ।"

* "ਇਹ ਗੱਲ ਚਿੱਟੇ ਦਿਨ ਵਾਂਗ ਸਾਫ ਹੈ ਕਿ ਮਨੁੱਖ ਆਪਣੀ ਮਿਹਨਤ ਨਾਲ ਕੁਦਰਤ ਵੱਲੋਂ ਦਿੱਤੀਆਂ ਵਸਤਾਂ ਦੇ ਰੂਪ, ਇਸ ਤਰ੍ਹਾਂ ਬਦਲ ਦਿੰਦਾ ਹੈ ਕਿ

17-Sep-Sunday.qxd 9/16/2023 10:22 PM Page 5

ਕਿਹੜੇ ਮੁੱਖ ਮੁੱਦਿਆਂ ਉੱਤੇ ਕੇਂਦਰਤ ਹੋ ਸਕਦੀ ਹੈ ਅਗਲੀ ਲੋਕ ਸਭਾ ਚੋਣ !

ਦ੍ਰਿਸ਼ਟੀਕੋਣ
ਜਤਿੰਦਰ ਪਨੂੰ

ਭਾਰਤ ਦਾ ਲੋਕਤੰਤਰ ਜਦੋਂ ਅਗਲੀ ਪਾਰਲੀਮੈਂਟ ਚੋਣ ਲਈ ਤਿਆਰ ਹੁੰਦਾ ਪਿਆ ਹੈ, ਓਦੋਂ ਏਨੀ ਕੁ ਗੱਲ ਸਾਫ ਹੋਈ ਕਹਿ ਸਕਦੇ ਹਾਂ ਕਿ ਦੋ ਵੱਡੀਆਂ ਧਿਰਾਂ: ਇੱਕ ਭਾਜਪਾ ਦੀ ਅਗਵਾਈ ਵਾਲੇ ਪੁਰਾਣੇ ਗੱਠਜੋੜ ਅਤੇ ਦੂਸਰਾ ਕਾਂਗਰਸ ਸਮੇਤ ਕਈ ਧਿਰਾਂ ਦੇ ਨਵੇਂ ਗੱਠਜੋੜ ਵਿੱਚ ਹੀ ਮੁੱਖ ਮੁਕਾਬਲਾ ਹੋਣ ਵਾਲਾ ਹੈ। ਇਸ ਸਾਲ ਦੇ ਅਖੀਰਲੇ ਮਹੀਨਿਆਂ ਵਿੱਚ ਪੰਜ ਰਾਜਾਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਹੋਣਗੀਆਂ ਜਾਂ ਜਿਵੇਂ ਕਨਸੋਆਂ ਮਿਲਦੀਆਂ ਹਨ, ਅਗਲੇ ਸਾਲ ਲੋਕ ਸਭਾ ਚੋਣਾਂ ਨਾਲ ਜੋੜਨ ਲਈ ਰੋਕ ਲਈਆਂ ਜਾਣਗੀਆਂ, ਇਹ ਗੱਲ ਅਜੇ ਤੱਕ ਸਪੱਸ਼ਟ ਨਹੀਂ। ਚੋਣ ਕਮਿਸ਼ਨ ਦੇ ਦਫਤਰ ਤੋਂ ਇਹ ਗੱਲਾਂ ਨਿਕਲ ਰਹੀਆਂ ਹਨ ਕਿ ਲੋਕ ਸਭਾ ਤੇ ਸਾਰੇ ਦੇਸ਼ ਦੀਆਂ ਵਿਧਾਨ ਸਭਾਵਾਂ ਲਈ ਇਕੱਠੀ ਚੋਣ ਵੀ ਕਰਾਈ ਜਾ ਸਕਦੀ ਹੈ ਤੇ ਇਹ ਵੀ ਹੋ ਸਕਦਾ ਹੈ ਕਿ ਅੱਧੇ ਰਾਜਾਂ ਦੀਆਂ ਚੋਣਾਂ ਲੋਕ ਸਭਾ ਨਾਲ ਅਤੇ ਬਾਕੀ ਅੱਧਿਆਂ ਵਾਸਤੇ ਲੋਕ ਸਭਾ ਦੀ ਮਿਆਦ ਅੱਧੀ ਲੰਘਣ ਮੌਕੇ ਚੋਣਾਂ ਕਰਵਾ ਲਈਆਂ ਜਾਣ ਦਾ ਫੈਸਲਾ ਹੋ ਜਾਵੇ। ਕੇਂਦਰ ਸਰਕਾਰ ਦੇ ਆਪਣੇ ਪਾਸੇ ਤੋਂ ਸੰਕੇਤ ਸਪੱਸ਼ਟ ਨਹੀਂ ਮਿਲਦੇ, ਪਰ ਸਰਕਾਰ ਦੇ ਫੈਸਲਿਆਂ ਉੱਤੇ ਫੁੱਲ ਚੜ੍ਹਾਉਣ ਵਾਸਤੇ ਚੋਣ ਕਮਿਸ਼ਨ ਤੋਂ ਸੰਕੇਤ ਹੋਰ ਤੋਂ ਹੋਰ ਸਪੱਸ਼ਟ ਮਿਲਦੇ ਪਏ ਹਨ। ਪਿਛਲੇ ਹਫਤੇ ਇਹ ਗੱਲ ਵੀ ਬਾਹਰ ਆ ਗਈ ਹੈ ਕਿ ਚੋਣ ਕਮਿਸ਼ਨ ਨੇ ਸਮੁੱਚੇ ਦੇਸ਼ ਵਿੱਚ ਲੋਕ ਸਭਾ, ਰਾਜਾਂ ਦੀਆਂ ਵਿਧਾਨ ਸਭਾਵਾਂ ਅਤੇ ਸਥਾਨਕ ਸੰਸਥਾਵਾਂ : ਨਗਰ ਕਾਰਪੋਰੇਸ਼ਨਾਂ, ਨਗਰ ਕੌਂਸਲਾਂ ਤੇ ਪੰਚਾਇਤਾਂ ਤੱਕ ਲਈ ਵੋਟਰਾਂ ਦੀ ਇੱਕੋ ਸੂਚੀ ਬਣਾਉਣ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਹਨ। ਇਸ ਦਾ ਮਤਲਬ ਸਾਫ ਹੈ ਕਿ ਫੈਸਲਾ ਜੋ ਵੀ ਸਰਕਾਰ ਦੇ ਪੱਧਰ ਉੱਤੇ ਹੋ ਜਾਵੇ, ਚੋਣਾਂ ਦਾ ਅਮਲਾ ਇਸ ਤਿਆਰੀ ਵਿੱਚ ਅਗੇਤਾ ਹੀ ਰੁਝਣ ਵਾਲੇ ਸੰਕੇਤ ਮਿਲਦੇ ਪਏ ਹਨ ਤਾਂ ਕਿ ਇਸ ਨੂੰ ਲਾਗੂ ਕਰਨ ਵਿੱਚ ਕਿਸੇ ਤਰ੍ਹਾਂ ਦੀ ਅੜਚਣ ਨਾ ਆਵੇ।

ਚੋਣ ਕਮਿਸ਼ਨ ਕੀ ਕਰਦਾ ਹੈ ਤੇ ਕਿੱਦਾਂ ਦੇ ਪ੍ਰਬੰਧ ਉਸ ਵੇਲੇ ਸਾਹਮਣੇ ਆਉਂਦੇ ਹਨ, ਇਹੋ ਜਿਹੀਆਂ ਗੱਲਾਂ ਵਿੱਚ ਆਮ ਲੋਕ ਬਹੁਤੀ ਦਿਲਚਸਪੀ ਨਹੀਂ ਲਿਆ ਕਰਦੇ, ਉਨ੍ਹਾਂ ਲਈ ਇਹ ਗੱਲ ਵੱਧ ਅਰਥ ਰੱਖਦੀ ਹੈ ਕਿ ਚੋਣਾਂ ਵਿੱਚ ਇਸ ਵਾਰੀ ਮੁੱਖ ਮੁੱਦੇ ਕਿਹੜੇ ਉੱਭਰਨ ਦੀ ਆਸ ਹੈ। ਇਸ ਮਾਮਲੇ ਵਿੱਚ ਨਕਸ਼ਾਂ ਪਹਿਲਾਂ ਤੋਂ ਕਾਫੀ ਬਦਲਿਆ ਹੋਇਆ ਨਜ਼ਰ ਪੈਂਦਾ ਹੈ। ਉਹ ਵਕਤ ਅੱਜ ਨਹੀਂ ਰਹਿ ਗਿਆ, ਜਦੋਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਿੱਚ ਫੈਲੇ ਹੋਏ ਭ੍ਰਿਸ਼ਟਾਚਾਰ ਨੂੰ ਮੁੱਖ ਮੁੱਦੇ ਵਜੋਂ ਪੇਸ਼ ਕਰ ਕੇ 'ਨਾ ਖਾਊਂਗਾ, ਨਾ ਖਾਨੇ ਦੂੰਗਾ' ਵਾਲਾ ਹੋਕਾ ਦਿੱਤਾ ਸੀ ਤੇ ਉਸ ਦੇ ਜਵਾਬ ਵਿੱਚ ਲੋਕ ਹੁੰਗਾਰਾ ਦੇਣ ਨਿਕਲ ਪਏ ਸਨ। ਬਾਅਦ ਵਿੱਚ ਨਰਿੰਦਰ ਮੋਦੀ ਸਰਕਾਰ ਨਾਲ ਜੁੜੇ ਹੋਏ ਲੋਕਾਂ ਦੇ ਆਪਣੇ ਹੀ ਭ੍ਰਿਸ਼ਟਾਚਾਰ ਦੇ ਕਿੱਸੇ ਏਨੇ ਸਾਹਮਣੇ ਆ ਗਏ ਹਨ ਕਿ ਸਭ ਤੋਂ ਵੱਧ ਇਮਾਨਦਾਰ ਗਿਣੇ ਜਾਂਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਸਭ ਤੋਂ ਵੱਧ ਭ੍ਰਿਸ਼ਟਾਚਾਰੀ ਸਰਕਾਰ ਦੇ ਕਿੱਸੇ ਅੱਜ ਵਾਲਿਆਂ ਮੂਹਰੇ ਬੌਣੇ ਹੋ ਗਏ ਹਨ। ਪ੍ਰਧਾਨ ਮੰਤਰੀ ਨਾਲ ਸਭ ਤੋਂ ਵੱਧ ਨੇੜਤਾ ਵਾਲੇ ਗੌਤਮ ਅਡਾਨੀ ਦਾ ਮਾਮਲਾ ਹੀ ਏਡਾ ਵੱਡਾ ਹੈ ਕਿ ਉਸ ਦੇ ਮੂਹਰੇ ਸੰਸਾਰ ਭਰ ਦੇ ਇਹੋ ਜਿਹੇ ਮਾਮਲੇ ਨਿਗੂਣੇ ਜਿਹੇ ਜਾਪਦੇ ਹਨ। ਗੁਜਰਾਤ ਸਮੇਤ ਜਿਹੜੇ ਵੀ ਰਾਜ ਵਿੱਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਬਣੀ ਹੈ, ਉਸ ਦੇ ਭ੍ਰਿਸ਼ਟਾਚਾਰ ਦੇ ਕਿੱਸੇ ਆਪਣੇ ਤੋਂ ਪਹਿਲੇ ਸਾਰਿਆਂ ਦਾ ਰਿਕਾਰਡ ਤੋੜਨ ਵਾਲੇ ਸਾਬਤ ਹੋਏ ਹਨ। ਕਰਨਾਟਕ ਵਿੱਚ ਭਾਜਪਾ ਸਰਕਾਰ ਟੁੱਟਣ ਦਾ ਵੱਡਾ ਕਾਰਨ ਖੁਦਕੁਸ਼ੀ ਕਰਨ ਵਾਲੇ ਇੱਕ ਠੇਕੇਦਾਰ ਦੀ ਚਿੱਠੀ ਬਣੀ ਸੀ, ਜਿਸ ਵਿੱਚ ਲਿਖਿਆ ਸੀ ਕਿ ਉਹ ਹਰ ਸਰਕਾਰ ਦੌਰਾਨ ਕਮਿਸ਼ਨ ਦੇਂਦੇ ਆਏ ਸਨ ਅਤੇ ਅੱਜ ਵੀ ਦੇਂਦੇ ਹਨ, ਪਰ ਜਦੋਂ ਦੀ ਭਾਜਪਾ ਦੇ ਆਗੂਆਂ ਕੋਲ ਵਾਗਡੋਰ ਆਈ ਹੈ, ਕਮਿਸ਼ਨ ਏਨਾ ਕੁ ਵਧ ਗਿਆ ਹੈ ਕਿ ਅਸੀਂ ਦੇ ਹੀ ਨਹੀਂ ਸਕਦੇ। ਓਦੋਂ ਕਰਨਾਟਕ ਦੇ ਠੇਕੇਦਾਰਾਂ ਦੀ ਐਸੋਸੀਏਸ਼ਨ ਨੇ ਇਸ ਮਾਮਲੇ ਵਿੱਚ ਜਿਹੜੀ ਚਿੱਠੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੀ ਸੀ ਅਤੇ ਜਿਹੜੀ ਪੜ੍ਹਨ ਜਾਂ ਕੁਝ ਕਰਨ ਦੇ ਲਾਇਕ ਨਹੀਂ ਸੀ ਸਮਝੀ ਗਈ, ਉਹ ਚੋਣਾਂ ਵਿੱਚ ਹਰ ਘਰ ਤੱਕ ਪਹੁੰਚੀ ਸੀ। ਏਦਾਂ ਦੇ ਹਾਲਾਤ ਵਿੱਚ ਭਾਜਪਾ ਇਸ ਵਾਰੀ ਭ੍ਰਿਸ਼ਟਾਚਾਰ ਦੇ ਮੁੱਦੇ ਨਾਲ ਚੋਣਾਂ ਵਿੱਚ ਕੁੱਦਣ ਦਾ ਅਰਥ ਜਾਣਦੀ ਹੈ। ਵਿਰੋਧੀ ਧਿਰਾਂ ਦੇ ਆਗੂ ਇਸ ਵਾਰੀ ਇਹ ਮੁੱਦਾ ਚੁੱਕ ਤੁਰੇ ਹਨ ਅਤੇ ਭਾਜਪਾ ਇਸ ਮੁੱਦੇ ਤੋਂ ਪਿੱਛੇ ਹਟਦੀ ਜਾਪਦੀ ਹੈ।

ਇਸ ਦੀ ਬਜਾਏ ਭਾਜਪਾ ਦੀ ਇਸ ਵਾਰੀ ਤਿੰਨ ਗੱਲਾਂ ਉੱਤੇ ਟੇਕ ਜਾਪਦੀ ਹੈ, ਜਿਨ੍ਹਾਂ ਵਿੱਚੋਂ ਪਹਿਲਾ ਦਾਅ ਸਮੁੱਚੇ ਦੇਸ਼ ਵਿੱਚ ਇੱਕੋ ਵਾਰ ਚੋਣਾਂ ਕਰਾਉਣ ਦਾ ਹੈ। ਉਸ ਦੇ ਲੀਡਰ ਸੋਚਦੇ ਹਨ ਕਿ ਨਰਿੰਦਰ ਮੋਦੀ ਜਿੱਡੇ ਅਕਸ ਵਾਲਾ ਕੋਈ ਆਗੂ ਇਸ ਦੇਸ਼ ਵਿੱਚ ਹੋਰ ਨਹੀਂ ਦਿੱਸਦਾ, ਜਿਸ ਨੂੰ ਵਿਰੋਧੀ ਧਿਰਾਂ ਚੁੱਕ ਕੇ ਚੁਣੌਤੀ ਕਬੂਲਣ ਲਈ ਪੇਸ਼ ਕਰ ਸਕਦੀਆਂ ਹੋਣ। ਜਦੋਂ ਸਾਰੇ ਦੇਸ਼ ਲਈ ਇਕੱਠੀ ਚੋਣ ਕਰਵਾਈ ਗਈ ਤਾਂ ਦੇਸ਼ ਦੀ ਕਮਾਨ ਨਰਿੰਦਰ ਮੋਦੀ ਵਰਗੇ ਲੀਡਰ ਦੇ ਹੱਥ ਵਿੱਚ ਆਮ ਲੋਕਾਂ ਨੂੰ ਵੱਧ ਸੁਰੱਖਿਅਤ ਲੱਗੇਗੀ ਤੇ ਉਹ ਜਦੋਂ ਇਸ ਮੁੱਦੇ ਲਈ ਉਸ ਨੂੰ ਵੋਟ ਪਾਉਣਗੇ ਤਾਂ ਰਾਜ ਵਿੱਚ ਵੀ ਸਰਕਾਰ ਕਿਸ ਦੀ ਬਣਾਉਣੀ ਹੈ, ਉਸ ਦਾ ਬਟਨ ਓਸੇ ਰੌਅ ਵਿੱਚ ਲੱਗੇ ਹੱਥ ਭਾਜਪਾ ਵਾਲਾ ਦੱਬ ਦੇਣਗੇ। ਤਜਰਬਾ ਇਹ ਦੱਸਦਾ ਹੈ ਕਿ ਏਦਾਂ ਦਾ ਦਾਅ ਹਰ ਥਾਂ ਨਹੀਂ ਚੱਲਦਾ ਹੁੰਦਾ ਅਤੇ ਲੋਕ ਹਰ ਨਵੇਂ ਤਜਰਬੇ ਨਾਲ ਪਹਿਲਾਂ ਤੋਂ ਵੱਧ ਸਿਆਣੇ ਹੁੰਦੇ ਜਾਣ ਕਾਰਨ ਇਸ ਵਾਰੀ ਭੁਆਂਟਣੀ ਵੀ ਦੇ ਸਕਦੇ ਹਨ। ਇਸ ਕਾਰਨ ਭਾਜਪਾ ਕੋਈ ਹੋਰ ਵੀ ਮੁੱਦਾ ਭਾਲਦੀ ਹੈ।

ਪਿਛਲੇ ਦਿਨੀਂ ਤਾਮਿਲ ਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਦੇ ਪੁੱਤਰ ਨੇ ਸਨਾਤਨ ਧਰਮ ਬਾਰੇ ਕੁਝ ਸ਼ਬਦ ਬੋਲੇ ਤਾਂ ਭਾਜਪਾ ਪੱਖੀਆਂ ਨੇ ਸਾਰੇ ਦੇਸ਼ ਵਿੱਚ ਇਹ ਗੱਲ ਚੁੱਕ ਲਈ ਕਿ ਇਹ ਸਨਾਤਨ ਧਰਮ ਉੱਤੇ ਹਮਲਾ ਕੀਤਾ ਗਿਆ ਹੈ ਤੇ ਫਿਰ ਪ੍ਰਧਾਨ ਮੰਤਰੀ ਨੇ ਖੁਦ ਇਹ ਮੁੱਦਾ ਚੁੱਕ ਲਿਆ। ਉਨ੍ਹਾ ਕਿਹਾ ਕਿ ਵਿਰੋਧੀ ਧਿਰਾਂ ਵਾਲਾ ਗੱਠਜੋੜ ਭਾਰਤ ਵਿੱਚ ਸਨਾਤਨ ਨੂੰ ਢਾਹ ਲਾਉਣਾ ਚਾਹੁੰਦਾ ਹੈ। ਜਿੰਨੀ ਕੁ ਸਾਨੂੰ ਸਮਝ ਪਈ, ਮਾਮਲਾ ਸਨਾਤਨ ਧਰਮ ਦੇ ਵਿਰੋਧ ਦਾ ਨਹੀਂ, ਇਸ ਵਿਚਲੀਆਂ ਉਨ੍ਹਾਂ ਕੁਰੀਤੀਆਂ ਦੇ ਵਿਰੋਧ ਦਾ ਸੀ, ਜਿਨ੍ਹਾਂ ਕਾਰਨ ਹਿੰਦੂ ਸਮਾਜ ਦੇ ਦਲਿਤ ਵਰਗਾਂ ਦੇ ਲੋਕਾਂ ਨੂੰ ਕਈ ਤਰ੍ਹਾਂ ਦਾ ਅੱਤਿਆਚਾਰ ਸਹਿਣਾ ਪੈਂਦਾ ਹੈ। ਬੇਸ਼ੱਕ ਭਾਜਪਾ ਅਤੇ ਇਸ ਨਾਲ ਜੁੜੀ ਟੀਮ ਨੇ ਇਸ ਨੂੰ ਸਨਾਤਨ ਦੇ ਖਿਲਾਫ ਹਮਲਾ ਬਣਾ ਕੇ ਪੇਸ਼ ਕੀਤਾ, ਪਰ ਇਸ ਦੀ ਮਾਰ ਜਿਹੜੇ ਅਸਲ ਥਾਂ ਪੈਣੀ ਸੀ, ਭਾਜਪਾ ਦੀ ਪੱਕੀ ਧਿਰ ਸਮਝੇ ਜਾਂਦੇ ਆਰ ਐੱਸ ਐੱਸ ਦੇ ਮੁਖੀ ਨੇ ਉਸ ਮਾਰ ਨੂੰ ਸਮਝਿਆ ਅਤੇ ਪਹਿਲੀ ਵਾਰੀ ਇਹ ਗੱਲ ਕਹੀ ਕਿ ਦਲਿਤ ਭਾਈਚਾਰੇ ਨਾਲ ਛੂਤ-ਛਾਤ ਨਹੀਂ ਹੋਣੀ ਚਾਹੀਦੀ, ਇਨ੍ਹਾਂ ਨੂੰ ਬਰਾਬਰ ਦੇ ਇਨਸਾਨ ਸਮਝਿਆ ਜਾਣਾ ਚਾਹੀਦਾ ਹੈ। ਓਦੋਂ ਪਹਿਲਾਂ ਬਹੁਤ ਵਾਰੀ ਦਲਿਤਾਂ ਨਾਲ ਜ਼ਿਆਦਤੀਆਂ ਹੋਈਆਂ, ਮੱਧ ਪ੍ਰਦੇਸ਼ ਵਿੱਚ ਇੱਕ ਦਲਿਤ ਦੇ ਮੂੰਹ ਉੱਤੇ ਪੇਸ਼ਾਬ ਵੀ ਕੀਤਾ ਗਿਆ, ਪਰ ਆਰ ਐੱਸ ਐੱਸ ਦਾ ਮੁਖੀ ਨਹੀਂ ਸੀ ਬੋਲਿਆ। ਉਸ ਘਿਨਾਉਣੀ ਘਟਨਾ ਤੋਂ ਕੁਝ ਦਿਨ ਬਾਅਦ ਓਸੇ ਮੱਧ ਪ੍ਰਦੇਸ਼ ਵਿੱਚ ਇੱਕ ਦਲਿਤ ਦੇ ਸਰੀਰ ਉੱਤੇ ਮਨੁੱਖੀ ਮੈਲਾ ਮਲ ਦਿੱਤਾ ਗਿਆ, ਓਦੋਂ ਵੀ ਉਹ ਨਹੀਂ ਬੋਲਿਆ। ਫਿਰ ਜਦੋਂ ਤਾਮਿਲ ਨਾਡੂ ਦੇ ਉਸ ਨੇਤਾ ਦੇ ਬਿਆਨ ਦੀ ਗੂੰਜ ਪਈ ਅਤੇ ਇਹ ਗੱਲ ਦਲਿਤਾਂ ਵਿੱਚ ਵੀ ਜਾਣ ਲੱਗੀ ਤਾਂ ਓਸੇ ਆਰ ਐੱਸ ਐੱਸ ਦਾ ਮੁਖੀ ਛੂਤ-ਛਾਤ ਛੱਡ ਦੇਣ ਦਾ ਉਪਦੇਸ਼ ਦੇਂਦਾ ਸੁਣਿਆ ਗਿਆ। ਇਹ ਮੁੱਦਾ ਇਸ ਵੇਲੇ ਸਾਰੇ ਦੇਸ਼ ਵਿੱਚ ਖਿੱਲਰ ਚੁੱਕਾ ਹੈ।

ਵਿਰੋਧੀ ਧਿਰਾਂ ਦੇ ਆਗੂ ਮੁੱਢਲੇ ਤੌਰ ਉੱਤੇ ਬੇਸ਼ੱਕ ਤਾਮਿਲ ਨਾਡੂ ਵਾਲੇ ਨੇਤਾ ਦੇ ਬਿਆਨ ਨਾਲ ਸੰਬੰਧ ਨਾ ਹੋਣ ਦੇ ਬਿਆਨ ਦੇ ਚੁੱਕੇ ਸਨ, ਫਿਰ ਉਸ ਪਾਸਿਉਂ ਵੀ ਇਹ ਗੱਲ ਚੱਲਦੀ ਸੁਣਨ ਲੱਗ ਪਈ ਕਿ ਜੇ ਭਾਜਪਾ ਇਹ ਮੁੱਦਾ ਚੁੱਕੇਗੀ ਤਾਂ ਝਿਜਕਣ ਦੀ ਥਾਂ ਇਸ ਮੁੱਦੇ ਉੱਤੇ ਸਿੱਧਾ ਦਲਿਤਾਂ ਲੋਕਾਂ ਤੱਕ ਪਹੁੰਚ ਕੀਤੀ ਜਾਣੀ ਬਣਦੀ ਹੈ। ਇਹ ਗੱਲ ਚਰਚਾ ਵਿੱਚ ਆ ਗਈ ਕਿ ਕਾਂਗਰਸ ਪਾਰਟੀ ਪਹਿਲੇ ਚਾਲੀ-ਪੰਜਾਹ ਸਾਲ ਭਾਰਤ ਦੀ ਰਾਜਨੀਤੀ ਉੱਤੇ ਭਾਰੂ ਹੀ ਇਸ ਲਈ ਰਹਿ ਸਕੀ ਸੀ ਕਿ ਆਜ਼ਾਦੀ ਲਹਿਰ ਦੇ ਦੌਰਾਨ ਉਸ ਦੇ ਆਗੂਆਂ ਨੇ ਅਤੇ ਵਿਸ਼ੇਸ਼ ਕਰਕੇ ਮਹਾਤਮਾ ਗਾਂਧੀ ਨੇ ਦਲਿਤਾਂ ਲਈ 'ਹਰੀਜਨ' (ਰੱਬ ਦੇ ਜੀਅ) ਵਾਲਾ ਸ਼ਬਦ ਵਰਤ ਕੇ ਹਮਦਰਦੀ ਜਤਾਈ ਸੀ। ਉਨ੍ਹਾਂ ਲੋਕਾਂ ਨੂੰ ਬਹੁਤੇ ਹੱਕ ਬੇਸ਼ੱਕ ਮਿਲਣੇ ਸੰਭਵ ਨਹੀਂ ਸਨ ਹੋ ਸਕੇ, ਪਰ ਜਿੰਨਾ ਕੁਝ ਮਿਲ ਸਕਿਆ ਸੀ, ਉਸ ਦਾ ਸਿਹਰਾ ਕਾਂਗਰਸ ਆਪਣੇ ਸਿਰ ਲੈਂਦੀ ਤਾਂ ਬਾਕੀ ਪਾਰਟੀਆਂ ਲਈ ਇਸ ਨੂੰ ਕੱਟਣਾ ਔਖਾ ਹੁੰਦਾ ਸੀ। ਇਹ ਗੱਲ ਫਿਰ ਚੱਲ ਪਈ ਕਿ ਇਸ ਵਾਰੀ ਦਲਿਤਾਂ ਨੂੰ ਦੋਬਾਰਾ ਇਹ ਅਹਿਸਾਸ ਕਰਾਉਣ ਦੀ ਲੋੜ ਹੈ ਕਿ ਜਿਸ ਸਨਾਤਨ ਧਰਮ ਦੀ ਰਾਖੀ ਦਾ ਦਾਅਵਾ ਕੀਤਾ ਜਾਂਦਾ ਹੈ, ਉਸ ਧਰਮ ਦੇ ਆਗੂ ਲੋਕ ਇਸ ਦੀ ਦੁਰਵਰਤੋਂ ਦਲਿਤਾਂ ਦੇ ਖਿਲਾਫ ਕਰਦੇ ਹਨ ਅਤੇ ਇਸ ਤਰ੍ਹਾਂ ਦੀ ਦੁਰਵਰਤੋਂ ਹੋਣ ਤੋਂ ਰੋਕਣ ਲਈ ਭਾਜਪਾ ਵਿਰੋਧੀ ਧਿਰ ਦਾ ਏਕਾ ਹੀ ਗਾਰੰਟੀ ਕਰ ਸਕਦਾ ਹੈ। ਇਸ ਵਿੱਚੋਂ ਇਹ ਗੱਲ ਵੀ ਚੱਲੀ ਕਿ ਉੱਤਰ ਪ੍ਰਦੇਸ਼ ਵਿੱਚ ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਚੋਣ ਲੜਾਈ ਜਾਵੇ, ਜਿਹੜਾ ਸਵਰਨ ਜਾਤੀਆਂ ਵਿੱਚੋਂ ਨਹੀਂ ਅਤੇ ਉਸ ਦੇ ਨਾਂਅ ਉੱਤੇ ਦਲਿਤ ਭਾਈਚਾਰਾ ਇਸ ਗੱਠਜੋੜ ਦੇ ਹੱਕ ਵਿੱਚ ਤੁਰ ਪਵੇ ਤਾਂ ਸੱਤਾ ਤਬਦੀਲੀ ਦੇ ਚਾਂਸ ਵਧ ਸਕਦੇ ਹਨ।

ਭਾਜਪਾ ਦਾ ਪ੍ਰਚਾਰ ਤੰਤਰ ਇਹ ਸਮਝਦਾ ਹੈ ਕਿ ਕਰਨਾਟਕ ਵਿੱਚ ਬਜਰੰਗ ਬਲੀ ਦਾ ਮੁੱਦਾ ਜਦੋਂ ਉਭਾਰਿਆ ਸੀ ਤੇ ਖੁਦ ਪ੍ਰਧਾਨ ਮੰਤਰੀ ਨੇ ਇਹ ਮੁੱਦਾ ਉਭਾਰਨ ਦੀ ਅਗਵਾਈ ਕੀਤੀ ਤਾਂ ਇਹ ਮੁੱਦਾ ਕੰਮ ਨਹੀਂ ਸੀ ਆਇਆ, ਇਸ ਦੀ ਥਾਂ ਦੂਸਰੇ ਮੁੱਦਿਆਂ ਨੇ ਲੋਕਾਂ ਦਾ ਧਿਆਨ ਵੱਧ ਖਿੱਚਿਆ ਸੀ। ਇਸ ਲਈ ਉਹ ਇਸ ਵਾਰ ਸਨਾਤਨ ਧਰਮ ਦਾ ਮੁੱਦਾ ਉਠਾ ਕੇ ਇਸ ਨੂੰ ਚੌਕ ਕਰਨ ਤੱਕ ਸੀਮਤ ਹਨ, ਚੋਣ-ਮੁੱਦੇ ਵਜੋਂ ਪੇਸ਼ ਕਰਨ ਦਾ ਰਿਸਕ ਲੈਣਾ ਜਾਂ ਨਾ ਲੈਣਾ, ਏਦਾਂ ਦੀ ਕੋਈ ਗੱਲ ਹਾਲੇ ਸਿਰੇ ਨਹੀਂ ਲੱਗੀ। ਇੰਦਰਾ ਗਾਂਧੀ ਦੇ ਵਕਤ ਕਾਂਗਰਸ ਪਾਰਟੀ ਕਿਸੇ ਮੁੱਦੇ ਨੂੰ ਚੁੱਕਦੀ ਸੀ ਅਤੇ ਜੇ ਲੋਕਾਂ ਦਾ ਹੁੰਗਾਰਾ ਮਿਲੇ ਤਾਂ ਅੱਗੇ ਵਧਦੀ ਸੀ, ਵਰਨਾ ਪਿੱਛੇ ਹਟ ਜਾਂਦੀ ਹੁੰਦੀ ਸੀ। ਓਦੋਂ ਏਦਾਂ ਦੇ ਮੁੱਦੇ ਚੁੱਕਣ ਬਾਰੇ ਇੱਕ ਸ਼ਬਦ 'ਫੀਲਰ' ਵਰਤਿਆ ਜਾਂਦਾ ਸੀ ਕਿ ਲੋਕਾਂ ਦੀ ਨਬਜ਼ ਟੋਹਣ (ਫੀਲ) ਦੇ ਵਾਸਤੇ ਮੁੱਦਾ ਚੁੱਕਿਆ ਸੀ, ਉਸ ਦਾ ਕੁਝ ਉਲਟ ਜਿਹਾ ਪ੍ਰਭਾਵ 'ਫੀਲ' ਕੀਤਾ ਤਾਂ ਉਹ ਮੁੱਦਾ ਛੱਡ ਦਿੱਤਾ ਹੈ। ਅੱਜਕੱਲ੍ਹ ਨਰਿੰਦਰ ਮੋਦੀ ਦੀ ਟੀਮ ਓਦਾਂ ਦੇ 'ਫੀਲਰ' ਚੁੱਕਣ ਤੇ ਸੁੱਟਣ ਦੇ ਤਜਰਬੇ ਕਰਦੀ ਸਮਝੀ ਜਾਂਦੀ ਹੈ ਅਤੇ ਸਨਾਤਨ ਦਾ ਮੁੱਦਾ ਏਸੇ ਪਰਖ ਲਈ ਚੁੱਕਿਆ ਗਿਆ ਸੀ। ਜਿਹੜਾ ਪ੍ਰਭਾਵ ਮਹਿਸੂਸ ਕੀਤਾ ਗਿਆ ਹੈ, ਇਸ ਦੇ ਬਾਅਦ ਭਾਜਪਾ ਇਸ ਮੁੱਦੇ ਨੂੰ ਛੱਡਣ ਬਾਰੇ ਵੀ ਸੋਚ ਸਕਦੀ ਹੈ।

ਇਸ ਦੀ ਥਾਂ ਭਾਜਪਾ ਇੱਕ ਹੋਰ ਵੱਡਾ ਮੁੱਦਾ ਚੁੱਕਣ ਦੀ ਤਿਆਰੀ ਵਿੱਚ ਹੈ ਤੇ ਉਹ ਮੁੱਦਾ ਨਵਾਂ ਵੀ ਨਹੀਂ, ਪਿਛਲੇ ਪੈਂਤੀ ਸਾਲਾਂ ਤੋਂ ਵਾਰ-ਵਾਰ ਸਾਹਮਣੇ ਆ ਚੁੱਕਾ ਰਾਮ ਮੰਦਰ ਦਾ ਮੁੱਦਾ ਹੈ। ਕੁਝ ਲੋਕ ਕਹਿੰਦੇ ਹਨ ਕਿ ਸਰਕਾਰ ਚਲੰਤ ਸਾਲ ਮੁੱਕਣ ਤੋਂ ਪਹਿਲਾਂ ਦਸੰਬਰ ਵਿੱਚ ਲੋਕ ਸਭਾ ਅਤੇ ਕੁਝ ਰਾਜਾਂ ਦੀਆਂ ਚੋਣਾਂ ਇਕੱਠੀਆਂ ਕਰਵਾ ਸਕਦੀ ਹੈ ਤੇ ਇਸ ਲਈ ਤਿਆਰੀਆਂ ਹਨ। ਸਾਡੀ ਸਮਝ ਹੈ ਕਿ ਏਦਾਂ ਬਿਲਕੁਲ ਨਹੀਂ ਹੋਣਾ। ਭਾਜਪਾ ਲੀਡਰਸ਼ਿਪ ਅਗਲਾ ਸਾਲ ਚੜ੍ਹਦੇ ਸਾਰ ਰਾਮ ਮੰਦਰ ਆਮ ਲੋਕਾਂ ਵਾਸਤੇ ਖੋਲ੍ਹਣ ਅਤੇ ਫਿਰ ਓਥੇ ਲੋਕਾਂ ਦੇ ਜਾਣ ਲਈ ਮੁਫਤ ਯਾਤਰਾ ਦੀ ਸਹੂਲਤ ਦੇਣ ਵਰਗਾ ਫੈਸਲਾ ਕਰ ਸਕਦੀ ਹੈ, ਤਾਂ ਕਿ ਲੋਕਾਂ ਨੂੰ ਧਾਰਮਿਕ ਪੱਖੋਂ ਜਜ਼ਬਾਤੀ ਕਰ ਕੇ ਲਾਹਾ ਲਿਆ ਜਾ ਸਕੇ। ਅਗਲੇ ਸਾਲ ਜਿਹੜੇ ਦੋ ਮੁੱਦਿਆਂ ਦੀ ਗੂੰਜ ਲੋਕ ਸਭਾ ਚੋਣਾਂ ਵਿੱਚ ਸੁਣਾਈ ਦੇਣ ਵਾਲੀ ਹੈ, ਉਨ੍ਹਾਂ ਵਿੱਚ ਦਲਿਤ ਮੁੱਦਾ ਵੱਧ ਚਰਚਿਤ ਹੋਵੇਗਾ ਜਾਂ ਰਾਮ ਮੰਦਰ ਦਾ ਮੁੱਦਾ ਵੱਧ ਧਿਆਨ ਖਿੱਚੇਗਾ, ਕਹਿ ਸਕਣਾ ਔਖਾ ਹੈ, ਪਰ ਇਹ ਦੋਵੇਂ ਮੁੱਦੇ ਉਸ ਚੋਣ ਲਈ ਅਗੇਤੇ ਤਿਆਰ ਹਨ। ਇਸ ਦਾ ਮਤਲਬ ਇਹ ਨਹੀਂ ਕਿ ਹੋਰ ਕੋਈ ਮੁੱਦਾ ਨਹੀਂ, ਕੱਛ ਵਿੱਚੋਂ ਮੂੰਗਲੀ ਕ

ਰਵਾਇਤੀ ਵਰਤਾਰਿਆਂ ਦੇ ਬਦਲਾਅ ਦਾ ਬਿਰਤਾਂਤ



ਕਿਤਾਬ ਦੀ

ਪਰਖ ਪੜਚੋਲ

ਹਰਜਿੰਦਰ ਸਿੰਘ ਅਟਵਾਲ (ਡਾ.)

ਧਨ ਪਿਰੁ

(ਨਾਵਲ)
ਕੁਲਦੀਪ ਸਿੰਘ ਬੇਦੀ
ਪੰਨੇ : 140, ਮੁੱਲ : 295 ਰੁਪਏ
ਯੂਨੀਸਟਾਰ ਬੁੱਕਸ, ਚੰਡੀਗੜ੍ਹ

ਕੁਲਦੀਪ ਸਿੰਘ ਬੇਦੀ ਇੱਕ ਪੱਤਰਕਾਰ ਹੈ, ਨਾਵਲਕਾਰ ਹੈ, ਕਹਾਣੀਕਾਰ ਹੈ, ਵਾਰਤਕ ਲੇਖਕ ਹੈ, ਸਫਰਨਾਮਾ ਲੇਖਕ ਹੈ, ਫਿਲਮੀ ਪਟਕਥਾ ਲੇਖਕ ਹੈ ਅਤੇ ਇਹਨਾਂ ਤੋਂ ਬਿਨਾਂ ਵੀ ਉਹ ਲਗਾਤਾਰ ਸਿਰਜਣਾ ਨਾਲ ਜੁੜਿਆ ਹੋਇਆ ਵਿਅਕਤੀ ਹੈ। ਫਿਲਮ ਪਟਕਥਾ ਲੇਖਕ ਹੋਣ ਦਾ ਵਿਸ਼ੇਸ਼ ਜ਼ਿਕਰ ਤਾਂ ਕਰਨਾ ਪਿਆ ਕਿ ਉਸ ਦੇ ਇਸ ਨਾਵਲ ਦੇ ਸਵੈ-ਕਥਨ ਵਿੱਚ ਉਸ ਨੇ ਦਰਜ ਕੀਤਾ ਹੈ ਕਿ ਇਸ ਨਾਵਲ ਦਾ ਬਿਰਤਾਂਤ ਇੱਕ ਘਟਨਾ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ ਫਿਲਮਾਂ ਬਣਾਉਣ ਵਾਲੇ ਉਸ ਕੋਲੋਂ ਕਾਮੇਡੀ ਫਿਲਮ ਦੀ ਪਟਕਥਾ ਅਤੇ ਡਾਇਲਾਗ ਲਿਖਣ ਦੀ ਮੰਗ ਕਰਕੇ ਇਕਰਾਰਨਾਮਾ ਕਰ ਲੈਂਦੇ ਹਨ, ਪਰ ਥੋੜ੍ਹੀ ਦੇਰ ਬਾਅਦ ਉਸ ਤੋਂ ਇਸ ਕਰਕੇ ਮੁੱਕਰ ਜਾਂਦੇ ਹਨ ਕਿ ਹੁਣ ਕਾਮੇਡੀ ਫਿਲਮ (ਪੰਜਾਬੀ) ਨੂੰ ਦਰਸ਼ਕ ਪਸੰਦ ਨਹੀਂ ਕਰਦੇ, ਹਾਲਾਂਕਿ ਲੰਮੇ ਸਮੇਂ ਤੋਂ ਅਸੀਂ ਦੇਖਦੇ ਆ ਰਹੇ ਹਾਂ ਕਿ ਪੰਜਾਬੀ ਫਿਲਮਾਂ ਵਿੱਚ ਆਮ ਤੌਰ 'ਤੇ ਸਿਰਫ ਕਾਮੇਡੀ ਹੀ ਹੁੰਦੀ ਹੈ, ਖੈਰ ਸਿਰਜਣਹਾਰੇ ਕੁਲਦੀਪ ਬੇਦੀ ਨੂੰ ਉਸ ਕਾਮੇਡੀ ਫਿਲਮ ਲਈ ਲਿਖੀ ਪਟਕਥਾ ਵਿੱਚੋਂ ਵੀ ਗੰਭੀਰ ਗਲਪ ਸਿਰਜਣਾ ਦਾ ਵਲ ਆਉਂਦਾ ਸੀ। ਸੋ ਬਕੌਲ ਬੇਦੀ ਨੇ ਉਸ ਪਟਕਥਾ ਨੂੰ ਹੀ ਨਾਵਲ ਦੇ ਬਿਰਤਾਂਤ ਲਈ ਵਰਤਿਆ ਹੈ। ਇਹ ਉਲਟੀ ਗੰਗਾ ਇਸ ਕਰਕੇ ਹੈ ਕਿ ਨਾਵਲ/ਕਹਾਣੀ/ਨਾਟਕ ਦੀ ਟੈਕਸਟ ਨੂੰ ਫਿਲਮੀ ਪਟਕਥਾ ਦਾ ਰੂਪ ਤਾਂ ਦਿੱਤਾ ਜਾਂਦਾ ਰਿਹਾ ਸੀ, ਪਰ ਇਹ ਪਟਕਥਾ ਤੋਂ ਨਾਵਲ ਲਿਖਣ ਦੀ ਸ਼ਾਇਦ ਪਹਿਲੀ ਤੇ ਇਕਲੌਤੀ ਉਦਾਹਰਣ ਹੋਵੇ।

ਕੁਲਦੀਪ ਸਿੰਘ ਬੇਦੀ ਦਾ ਇਹ ਛੇਵਾਂ ਨਾਵਲ ਹੈ। ਬੇਦੀ ਚਾਹੇ ਕਹਾਣੀ ਲਿਖ ਰਿਹਾ ਹੋਵੇ। ਨਾਵਲ, ਨਿਬੰਧ ਜਾਂ ਕੁਝ ਹੋਰ ਸਮਕਾਲੀ ਸਮਾਜਿਕ ਵਰਤਾਰੇ ਉਸ ਦੀਆਂ ਲਿਖਤਾਂ ਦਾ ਆਧਾਰ ਬਣਦੇ ਰਹੇ ਹਨ, ਉਸ ਕੋਲ ਇੱਕ ਵਿਲੱਖਣ ਲਿਖਣ ਸ਼ੈਲੀ ਦੇ ਨਾਲ-ਨਾਲ ਸਮਾਜਿਕ ਵਿਡੰਬਨਾਵਾਂ ਨੂੰ ਸਮਝਣ ਦੀ ਸੂਝ ਵੀ ਹੈ, ਜਿਸ ਨਾਲ ਉਹ ਨਾਵਲ ਲਿਖਣ ਸਮੇਂ ਆਪਣੇ ਪਾਤਰਾਂ ਨੂੰ ਉਹਨਾ ਦੀਆਂ ਸਮਾਜਿਕ/ਸੱਭਿਆਚਾਰਕ ਸੀਮਾਵਾਂ ਅਤੇ ਸੰਦਰਭਾਂ ਵਿੱਚ ਰੱਖ ਕੇ ਆਪਣਾ ਬਿਰਤਾਂਤ ਉਸਾਰਦਾ ਹੈ, ਜਿਸ ਨਾਲ ਉਸ ਦੀ ਸਿਰਜਣਾ ਸਪੱਸ਼ਟ ਰੂਪ ਵਿੱਚ ਆਪਣੇ ਸਮਾਜਿਕ ਅਤੇ ਸੱਭਿਆਚਾਰਕ ਸੰਦਰਭਾਂ ਨੂੰ ਸਪੱਸ਼ਟ ਰੂਪ ਵਿੱਚ ਪੇਸ਼ ਕਰਨ ਵਿੱਚ ਸਫਲ ਹੁੰਦੀ ਹੈ।

'ਧਨ ਪਿਰੁ' ਵਿੱਚ ਵਿਆਹ ਸਮੇਂ ਜਾਤੀ ਪ੍ਰਥਾ ਦੀ ਰਵਾਇਤੀ ਵਲਗਣ ਦਾ ਅਤੇ ਉਸ ਨੂੰ ਤੋੜਨ ਦਾ ਜ਼ਿਕਰ ਹੋਇਆ ਹੈ, ਜਿਸ ਨੂੰ ਬੇਦੀ ਫਿਲਮੀ ਰੌਚਿਕਤਾ ਨਾਲ ਪੇਸ਼ ਕਰਨ ਦਾ ਯਤਨ ਕਰਦਾ ਹੈ। ਇਸ ਨਾਵਲ ਦੇ ਪਾਠਕ ਨੂੰ ਆਰੰਭ ਕਰਨ ਤੋਂ ਪਹਿਲਾਂ ਜੇ ਪਾਠਕ ਆਪਣੇ ਜ਼ਿਹਨ ਵਿੱਚੋਂ ਭਾਰਤ ਵਿਚਲੀ ਵਰਣ ਆਸ਼ਰਮ ਪ੍ਰਧਾਨ ਵਿਵਸਥਾ ਨੂੰ ਜਗਾ ਕੇ ਅੱਗੇ ਵਧੇਗਾ ਤਾਂ ਨਾਵਲੀ ਪਾਠ ਉਸ ਲਈ ਸਹਿਜ ਬਣੇਗਾ ਨਹੀਂ ਤਾਂ ਨਾਵਲੀ ਬਿਰਤਾਂਤ ਬਾਰੇ ਉਸ ਦੇ ਮਨ ਵਿੱਚ ਖਾਹ-ਮਖਾਹ ਦੇ ਸ਼ੰਕੇ ਉਤਪੰਨ ਹੁੰਦੇ ਰਹਿਣਗੇ। ਭਾਰਤੀ ਵਰਣ ਵਿਵਸਥਾ ਵਿੱਚ ਬ੍ਰਾਹਮਣ ਸਰਬਉੱਚ ਹੈ, ਬ੍ਰਾਹਮਣ ਦੇ ਹਿੱਤਾਂ ਦੀ ਪੂਰਤੀ ਕਰਦੇ ਹੋਣ ਕਰਕੇ ਕਸ਼ੱਤਰੀ (ਖੱਤਰੀ) ਨੂੰ ਵੀ ਅਹਿਮ ਮੰਨਿਆ ਗਿਆ ਹੈ। ਭਾਵੇਂ ਉਸ ਦੀ ਇਹ ਅਹਿਮੀਅਤ ਬ੍ਰਾਹਮਣ ਨਾਲੋਂ ਇੱਕ ਦਰਜਾ ਥੱਲੇ ਦੀ ਹੈ, ਪਰ ਵੈਸ਼ ਅਤੇ ਸ਼ੂਦਰ ਤਾਂ ਮੁੱਢਲੇ ਰੂਪ ਵਿੱਚ ਮਨੁੱਖ ਕਹਾਉਣ ਦੇ ਵੀ ਅਧਿਕਾਰੀ ਨਹੀਂ ਜਾਪਦੇ। ਭਾਰਤੀ ਸਾਹਿਤ ਵਿੱਚ ਬ੍ਰਾਹਮਣ ਵਰਗ ਵੱਲੋਂ ਸ਼ੂਦਰਾਂ ਉੱਪਰ ਕੀਤੇ ਅੱਤਿਆਚਾਰਾਂ ਦੀਆਂ ਕਹਾਣੀਆਂ ਸਾਡੀਆਂ ਕਲਾਸਿਕ ਰਚਨਾਵਾਂ ਵਿੱਚ ਪੜ੍ਹਨ ਨੂੰ ਮਿਲਦੀਆਂ ਹਨ। ਭਾਵੇਂ ਸਮਾਜਿਕ ਬਦਲਾਵ ਨਾਲ ਹੌਲੀ-ਹੌਲੀ ਉਹ ਵਿਵਸਥਾ ਬਦਲ ਤਾਂ ਰਹੀ ਹੈ, ਪਰ ਫਿਰ ਵੀ ਸਦੀਆਂ ਦੇ ਇਸ ਵਰਤਾਰੇ ਕਾਰਨ ਸਾਡੀ ਮਾਨਸਿਕਤਾ ਅਜਿਹੀ ਘਾਸੇ ਪੈ ਚੁੱਕੀ ਹੈ ਕਿ ਇਸ ਵਰਤਾਰੇ ਨੇ ਦਲਿਤ (ਸ਼ੂਦਰ) ਵਰਗ ਨੂੰ ਇਹ ਯਕੀਨ ਦਿਵਾ ਦਿੱਤਾ ਹੈ ਕਿ ਉਸ ਦੀ ਅਜਿਹੀ ਹਾਲਤ ਲਈ ਕੋਈ ਹੋਰ ਜ਼ਿੰਮੇਵਾਰ ਨਹੀਂ, ਇਹ ਰੱਬੀ ਭਾਣਾ ਹੈ, ਜਿਸ ਕਰਕੇ ਉਸ ਦਾ ਜਨਮ ਉਸ ਵਰਗ ਵਿੱਚ ਹੋਇਆ ਜੋ 'ਤਾੜਨ' ਦੇ ਅਧਿਕਾਰੀ ਬਣ ਜਾਂਦੇ ਹਨ। ਲੱਗਭੱਗ ਅਜਿਹੀ ਹੀ ਸਥਿਤੀ ਦੁਨੀਆ ਦੀ ਲੱਗਭੱਗ ਅੱਧੀ ਆਬਾਦੀ (ਔਰਤ) ਦੀ ਵੀ ਹੈ, ਜਿਸ ਨੂੰ ਪੈਰ ਦੀ ਜੁੱਤੀ, ਕਮ-ਅਕਲ ਜਾਂ ਅਜਿਹੇ ਹੋਰ ਪਤਾ ਨਹੀਂ ਕੀ-ਕੀ ਹੀਣ-ਭਾਵਨਾ ਵਾਲੇ ਨਾਵਾਂ ਨਾਲ ਪੁਕਾਰਿਆ ਜਾਂਦਾ ਰਿਹਾ ਹੈ। ਰੱਬੀ ਭਾਣੇ/ਹੁਕਮ ਦਾ ਇਹ ਬਿਰਤਾਂਤ ਜਾਤ ਪ੍ਰਥਾ ਦੇ ਕੋਹੜ ਨੂੰ ਕਾਇਮ ਕਰਨ/ਰੱਖਣ ਲਈ ਵਰਤਿਆ ਹੀ ਜਾਂਦਾ ਰਿਹਾ ਹੈ, ਪਰ ਅਜੋਕੇ ਯੁੱਗ ਵਿੱਚ ਵੀ ਇਹ ਬਿਰਤਾਂਤ ਹਾਕਮ ਟੋਲੇ ਵੱਲੋਂ ਦੂਜੇ ਖੇਤਰਾਂ ਵਿੱਚ ਵੀ ਵਰਤਿਆ ਜਾਂਦਾ ਹੈ, ਜਿਸ ਨਾਲ ਭੋਲੇ-ਭਾਲੇ ਆਮ ਬੰਦੇ ਇਸ ਜਕੜਵੰਦ ਵਿੱਚ ਫਸੇ ਰਹਿੰਦੇ ਹਨ। ਸਾਡੇ ਧਾਰਮਿਕ ਪ੍ਰਬੰਧ ਨੇ ਵੀ ਅਜਿਹੇ ਟੋਲਿਆਂ ਦਾ ਹੀ ਪੱਖ ਪੂਰਿਆ ਹੈ। ਜੇ ਕਿਤੇ ਗੁਰੂ ਨਾਨਕ ਜਾਂ ਭਗਤੀ ਲਹਿਰ ਨੇ ਮਨੁੱਖ ਨੂੰ ਇਸ ਲੁੱਟ ਪ੍ਰਤੀ ਸੁਚੇਤ ਕਰਨ ਦਾ ਯਤਨ ਵੀ ਕੀਤਾ ਤਾਂ ਉਹਨਾਂ ਦੀਆਂ ਸਿੱਖਿਆਵਾਂ ਨੂੰ ਇਹ ਟੋਲਾ ਆਪਣੇ ਹੱਕ ਵਿੱਚ ਭੁਗਤਾਉਂਦਾ ਰਿਹਾ ਹੈ, ਪਰ ਸਿੱਖਿਆ ਦੇ ਪਾਸਾਰ ਨਾਲ ਇਹ ਸਦੀਆਂ ਪੁਰਾਣਾ ਵਰਤਾਰਾ ਬਦਲ ਰਿਹਾ ਹੈ, ਪਰ ਜਾਤੀ ਪ੍ਰਥਾ ਦੀ ਰਹਿੰਦ-ਖੂੰਹਦ ਅਜੇ ਵੀ ਕਿਸੇ ਨਾ ਕਿਸੇ ਰੂਪ ਵਿੱਚ ਸਾਡੇ ਸਾਹਮਣੇ ਆ ਖੜਦੀ ਹੈ। ਜਿਵੇਂ ਇਸ ਨਾਵਲ ਦੇ ਬਿਰਤਾਂਤ ਵਿੱਚ ਗੈਵੀ ਅਤੇ ਨੋਨੀ ਸਾਹਮਣੇ ਆ ਖੜੀ ਹੋਈ।

ਗੈਵੀ ਅਤੇ ਨੋਨੀ ਦੋਵੇਂ ਕਿਸੇ ਵੱਡੇ ਸ਼ਹਿਰ ਵਿੱਚ ਸੂਚਨਾ ਤਕਨੀਕ ਨਾਲ ਜੁੜੀ ਫਰਮ ਵਿੱਚ ਨੌਕਰੀ ਕਰ ਰਹੇ ਹਨ। ਦੋਵੇਂ ਚੰਗੀ ਤਨਖਾਹ ਲੈਂਦੇ ਹਨ। ਆਧੁਨਿਕ ਤਰਜ਼ ਦੀ ਜ਼ਿੰਦਗੀ ਜੀਅ ਰਹੇ ਹਨ ਅਤੇ ਇਸ ਨੂੰ ਲਗਾਤਾਰ ਜਿਊਣ ਦੀ ਖਾਹਿਸ਼ ਰੱਖਦੇ ਹਨ। ਇਸ ਇੰਡਸਟਰੀ ਨਾਲ ਜੁੜੇ ਦੂਜੇ ਕਾਮਿਆਂ ਵਾਂਗ ਉਹ ਸਾਰੀ ਦੁਨੀਆ ਤੋਂ ਬੇਖਬਰ ਹੋ ਕੇ ਜੀਣ ਦਾ ਯਤਨ ਵੀ ਕਰਦੇ ਹਨ ਅਤੇ ਭਵਿੱਖ ਵਿੱਚ ਵੀ ਅਜਿਹਾ ਹੀ ਜੀਵਨ ਜੀਉਣਾ ਚਾਹੁੰਦੇ ਹਨ। ਇਸ ਨਵੀਂ ਜੀਵਨ ਸ਼ੈਲੀ ਵਿੱਚ ਕੰਮ ਦੀ ਮਾਨਸਿਕ ਥਕਾਵਟ ਦੂਰ ਕਰਨ ਲਈ ਗੈਵੀ ਦੇ ਨਾਲ ਹੀ ਨੋਨੀ ਵੀ ਬੀਅਰ ਦੀਆਂ ਚੁਸਕੀਆਂ ਲੈ ਰਹੀ ਹੁੰਦੀ ਹੈ। ਪਰ ਉਹਨਾ ਦੀ ਇਸ ਜ਼ਿੰਦਗੀ ਵਿੱਚ ਮੋੜ ਉਦੋਂ ਆਉਂਦਾ ਹੈ, ਜਦੋਂ ਸੰਸਕਾਰੀ ਬ੍ਰਾਹਮਣ ਸ਼ਿਵ ਦੱਤ ਅਤੇ ਰੁਕਮਣੀ ਆਪਣੇ ਹੋਣਹਾਰ ਫਰਜ਼ੰਦ ਦਾ ਵਿਆਹ ਇੱਕ ਸੰਸਕਾਰੀ ਬ੍ਰਾਹਮਣ ਪਰਵਾਰ ਵਿੱਚ ਟੇਵਿਆਂ ਦੇ ਲੱਗਭੱਗ ਸਾਰੇ ਗੁਣ ਮਿਲਾ ਕੇ ਕਰਨ ਦੀ ਤਾੜਨਾ ਆਪਣੇ ਇਕਲੌਤੇ ਅਤੇ ਲਾਡਲੇ ਪੁੱਤਰ ਗੌਰਵ (ਗੈਰੀ) ਨੂੰ ਕਰਦੇ ਹਨ। ਦੂਜੇ ਪਾਸੇ ਦਲਿਤ ਪਰਵਾਰ ਨਾਲ ਸੰਬੰਧਤ ਰਾਮ ਆਸਰਾ ਅਤੇ ਬਿਮਲਾ ਆਪਣੀ ਬੇਟੀ ਨਿਤਿਕਾ (ਨੋਨੀ) ਦਾ ਰਿਸ਼ਤਾ ਸਦੀਆਂ ਤੋਂ ਚਲੀ ਆ ਰਹੀ ਇਸ ਵਰਣ ਪ੍ਰੰਪਰਾ ਨੂੰ ਉਲੰਘ ਕੇ ਆਪਣੀ ਬੇਟੀ ਦੀ ਪਸੰਦ ਅਤੇ ਉਸ ਦੀ ਮਰਜ਼ੀ ਅਨੁਸਾਰ ਕਰਨਾ ਚਾਹੁੰਦੇ ਹਨ। ਇੱਥੇ ਆ ਕੇ ਇੱਕ ਬਿਖੇੜਾ ਖੜਾ ਹੋ ਜਾਂਦਾ ਹੈ। ਬੇਦੀ ਆਪਣੇ ਬਿਰਤਾਂਤ ਨੂੰ ਇਸ ਤਰਕ ਨਾਲ ਉਸਾਰਦਾ ਹੈ ਕਿ ਪਾਠਕ ਉਸ ਦੇ ਤਰਕ ਨੂੰ ਸਵੀਕਾਰ ਵੀ ਕਰਦਾ ਹੈ ਅਤੇ ਉਹ ਮਨੋ ਇਹ ਵੀ ਚਾਹੁੰਦਾ ਹੈ ਕਿ ਗੈਵੀ ਅਤੇ ਨੋਨੀ ਇੱਕ ਹੋ ਜਾਣ। ਨਾਵਲ ਦੇ ਆਦਿ ਤੋਂ ਮੱਧ ਅਤੇ ਮੱਧ ਤੋਂ ਅੰਤ ਤੱਕ ਗੈਵੀ ਅਤੇ ਨੋਨੀ ਪਾਠਕਾਂ ਦੀ ਨਜ਼ਰ ਤੋਂ ਓਹਲੇ ਨਹੀਂ ਹੁੰਦੇ। ਉਹ ਇੱਕ-ਦੂਜੇ ਦੇ ਦੋਸਤ ਵੀ ਹਨ, ਸਲਾਹਕਾਰ ਵੀ, ਮਦਦਗਾਰ ਵੀ ਅਤੇ ਆਲੋਚਕ ਵੀ। ਨਾਵਲ ਦੀ ਪਹਿਲੀ ਹੀ ਸਤਰ : 'ਅੱਜ ਗੈਵੀ ਨੇ ਤੀਜੀ ਕੁੜੀ ਨੂੰ ਦੇਖਣਾ ਸੀ'।

ਪਾਠਕ ਨੂੰ ਨਾਵਲ ਦੀ ਵੱਥ ਨਾਲ ਸੰਕੇਤਕ ਰੂਪ ਵਿੱਚ ਰੂਬਰੂ ਕਰਦੀ ਹੈ। ਪਾਠਕ ਇਹ ਵੀ ਅੰਦਾਜ਼ਾ ਲਾ ਸਕਦਾ ਹੈ ਕਿ ਇਹ ਬਿਰਤਾਂਤ ਕਿਤੇ ਗੈਵੀ ਦੇ ਹੰਕਾਰ ਨੂੰ ਤਾਂ ਨਹੀਂ ਅੱਗੇ ਵਧਾਏਗਾ, ਪਰ ਅਜਿਹਾ ਨਹੀਂ ਹੁੰਦਾ। ਜਲਦੀ ਹੀ ਨੋਨੀ ਦਾਖਲ ਹੋ ਜਾਂਦੀ ਹੈ ਅਤੇ ਪੂਰੇ ਨਾਵਲੀ ਬਿਰਤਾਂਤ ਵਿੱਚ ਹਾਜ਼ਰ ਰਹਿੰਦੀ ਹੈ। ਗੈਵੀ ਇੱਕ ਸੰਸਕਾਰੀ ਬ੍ਰਾਹਮਣ ਦੇ ਘਰ ਪੈਦਾ ਹੋਇਆ ਇੱਕ ਸੰਸਕਾਰੀ ਸਪੁੱਤਰ ਹੈ। ਇਸ ਕਰਕੇ ਹੀ ਉਹ ਆਪਣੇ ਮਾਂ-ਬਾਪ ਦੇ ਕਹਿਣ 'ਤੇ ਵਿਆਹ ਲਈ ਨੋਨੀ ਦੇ ਹੁੰਦਿਆਂ-ਸੁੰਦਿਆਂ ਹੋਰ ਕੁੜੀਆਂ ਦੇਖਣ ਦੇ ਰਾਹ ਤੁਰਦਾ ਹੈ, ਪਰ ਵਿਆਹ ਲਈ ਕੁੜੀ ਦੀ ਚੋਣ ਕਰਨ ਵਿੱਚ ਨੋਨੀ ਨੂੰ ਸਾਰੇ ਅਧਿਕਾਰ ਦਿੰਦਾ ਹੈ। ਗੈਵੀ ਅਤੇ ਨੋਨੀ ਦੀ ਦੋਸਤੀ ਦਾ ਅਜੀਬ ਆਲਮ ਹੈ ਹੈ ਕਿ ਉਹ ਇੱਕ-ਦੂਜੇ ਦੇ ਪੂਰਕ ਹੁੰਦੇ ਹੋਏ ਵੀ ਇੱਕ-ਦੂਜੇ ਨੂੰ ਵਿਆਹ ਕਰਾਉਣ ਦੀ ਨਜ਼ਰ ਤੋਂ ਨਹੀਂ ਦੇਖਦੇ। ਨਾਵਲਕਾਰ ਇਸ ਨੂੰ ਆਪਣੇ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ ਕਿ ਉਹਨਾ ਲਈ ਲਿੰਗ-ਭੇਦ ਦਾ ਕੋਈ ਮਹੱਤਵ ਨਹੀਂ। ਇਸੇ ਕਰਕੇ ਹੀ ਜਦੋਂ ਨੋਨੀ ਦੀ ਮਾਂ ਬਿਮਲਾ ਉਸ ਨੂੰ ਗੈਵੀ ਨਾਲ ਆਪਣੇ ਵਿਆਹ ਦੀ ਗੱਲ ਕਰਨ ਦਾ ਇਸ਼ਾਰਾ ਕਰਦੀ ਹੈ ਤਾਂ ਉਹ ਹੱਕੀ-ਬੱਕੀ ਰਹਿ ਜਾਂਦੀ ਹੈ ਕਿਉਂ ਜੋ ਨੋਨੀ ਨੇ ਗੈਵੀ ਨੂੰ ਕਦੀ ਇਸ ਨਜ਼ਰੀਏ ਤੋਂ ਦੇਖਿਆ ਹੀ ਨਹੀਂ, ਉਸ ਨੂੰ ਤਾਂ ਗੈਵੀ ਇੱਕ ਕੁੜੀ ਹੀ ਲੱਗਦੀ ਹੈ। ਜਿਸ ਨਾਲ ਉਸ ਦੀ ਦੋਸਤੀ ਹੈ। ਇਸੇ ਹੀ ਤਰ੍ਹਾਂ ਗੈਵੀ ਨੂੰ ਵੀ ਨੋਨੀ ਮੁੰਡਾ ਹੀ ਲੱਗਦੀ ਹੈ, ਜਿਸ ਨਾਲ ਉਸ ਦੀ ਦੋਸਤੀ ਹੈ। ਇਸ ਦੋਸਤੀ ਦੇ ਆਪਸੀ ਗਹਿਗੱਚ ਵਾਲੀ ਮੁਹੱਬਤ ਨਾਲ ਗੜੁੱਚ ਰਿਸ਼ਤੇ ਨੂੰ ਬੇਦੀ ਇਸ ਨਾਵਲ ਵਿੱਚ ਬਹੁਤ ਹੀ ਖੂਬਸੂਰਤੀ ਨਾਲ ਪੇਸ਼ ਕਰਦਾ ਹੈ। ਰਿਸ਼ਤਿਆਂ ਵਿਚਲੀ ਪਾਕੀਜ਼ਗੀ ਦਾ ਇਹ ਬਿਰਤਾਂਤ ਸ਼ਾਇਦ ਪੰਜਾਬੀ ਗਲਪ ਦਾ ਬਹੁਤ ਘੱਟ ਹਿੱਸਾ ਬਣਿਆ ਹੈ। ਨੋਨੀ ਦੇ ਕਹਿਣ 'ਤੇ ਜਦੋਂ ਗੈਵੀ ਆਪਣੇ ਘਰ ਗੱਲ ਕਰਦਾ ਹੈ ਤਾਂ ਉਨ੍ਹਾ ਦਾ ਉੱਚ ਕੁੱਲ ਦਾ ਬ੍ਰਾਹਮਣ ਹੋਣਾ ਸਿਰੀ ਚੁੱਕ ਲੈਂਦਾ ਹੈ, ਪਰ ਗੈਵੀ ਅਣਮੰਨੇ ਜਿਹੇ ਢੰਗ ਨਾਲ ਸ਼ਰੂਤੀ, ਅਲਕਾ, ਇਸ਼ਮੀਤਾ (ਸੁਦੀਪ), ਜੈਸਮੀਨ, ਮੀਰਾ ਆਦਿ ਨੂੰ ਦੇਖਦਾ ਹੈ ਤਾਂ ਇਹਨਾਂ ਵਿੱਚੋਂ ਕਿਸੇ ਵਿੱਚ ਵੀ ਉਸ ਨੂੰ ਆਪਣੇ ਹਮਸਫਰ ਲਈ ਕਿਆਸੇ ਚੌਖਟੇ ਵਿੱਚ ਮੇਚ ਆਉਣ ਵਾਲੇ ਗੁਣ ਨਜ਼ਰ ਨਹੀਂ ਆਉਂਦੇ। ਅਲਕਾ ਦਾ ਨਾਟਕੀ ਅੰਦਾਜ਼, ਦੋ ਜੈਸਮੀਨਾਂ ਦਾ ਭੁਲੇਖਾ ਆਦਿ। ਇਸ ਨਾਵਲ ਦੇ ਅਜਿਹੇ ਬਿਰਤਾਂਤ ਹਨ, ਜੋ ਫਿਲਮੀ ਪਟਕਥਾ ਦੇ ਮੇਚ ਦੇ ਲੱਗਦੇ ਹਨ, ਪਰ ਨਾਵਲ ਵਿੱਚ ਉਹ ਬਿਰਤਾਂਤ ਰੌਚਿਕਤਾ ਪੈਦਾ ਕਰਦੇ ਹਨ ਤੇ ਪਾਠਕ ਨਾਵਲੀ ਵੱਥ ਨੂੰ ਸਮਝਦਾ ਤੇ ਮਾਣਦਾ ਜਾਂਦਾ ਹੈ।

ਇੱਥੇ ਆ ਕੇ ਪਾਠਕ ਅੰਦਾਜ਼ਾ ਲਾ ਸਕਦਾ ਹੈ ਕਿ ਬੇਦੀ ਨੇ ਹੁਣ ਸਥਿਤੀ ਇੱਥੇ ਲੈ ਆਂਦੀ ਹੈ ਕਿ ਗੈਵੀ ਅਤੇ ਨੋਨੀ ਹੁਣ ਮੁਹੱਬਤੀ ਵਿਆਹ ਕਰਾਉਣ ਦੇ ਰਾਹ ਪੈ ਸਕਦੇ ਹਨ, ਪਰ ਬੇਦੀ ਨੇ ਇੱਕ ਹੋਰ ਜੁਗਤ ਵਰਤੀ ਹੈ। ਜਿਸ ਵਿੱਚ ਹਰਨਾਮ ਅਤੇ ਰੂਪਾ ਦੀ ਜੋੜੀ ਪ੍ਰਵੇਸ਼ ਕਰਦੀ ਹੈ। ਇਸ ਜੋੜੀ ਦੇ ਅੰਤਰ-ਜਾਤੀ ਵਿਆਹ ਤੋਂ ਪ੍ਰੇਰਨਾ ਲੈ ਕੇ ਹੀ ਗੈਵੀ ਤੇ ਨੋਨੀ ਹੌਂਸਲਾ ਫੜਦੇ ਹਨ ਅਤੇ ਗੈਵੀ ਇਸ ਮਸਲੇ ਵਿੱਚ ਪਹਿਲ ਕਰਕੇ ਆਪਣੇ ਸੰਸਕਾਰੀ ਬ੍ਰਾਹਮਣ ਮਾਂ-ਬਾਪ ਨੂੰ ਮਨਾਉਣ ਲਈ ਪਿੰਡੋਂ ਆਪਣੇ ਦੋ ਤਾਇਆਂ ਨੂੰ ਲੈ ਆਉਂਦਾ ਹੈ, ਜੋ ਸੰਸਕਾਰੀ ਬ੍ਰਾਹਮਣ ਪਰਵਾਰਾਂ ਵਿੱਚ ਬੱਚੇ ਵਿਆਹ ਕੇ ਵੀ ਦੁਖੀ ਹਨ। ਅਖੀਰ ਗੈਵੀ ਅਤੇ ਨੋਨੀ ਦੇ ਵਿਆਹ ਲਈ ਸ਼ਿਵ ਦੱਤ ਤੇ ਰੁਕਮਣੀ ਸਹਿਮਤ ਹੋ ਜਾਂਦੇ ਹਨ। ਰੁਕਮਣੀ ਜੋ ਨੋਨੀ ਨੂੰ ਦਲਿਤ ਹੋਣ ਕਰਕੇ ਆਪਣੀ ਰਸੋਈ ਵਿੱਚ ਨਹੀਂ ਵੜਨ ਦਿੰਦੀ, ਉਹ ਉਸ ਤੋਂ ਪਾਣੀ ਵਾਰ ਕੇ ਉਸ ਨੂੰ ਆਪਣੇ ਘਰ ਲਿਆਉਣ ਲਈ ਰਾਜ਼ੀ ਹੋ ਜਾਂਦੀ ਹੈ। ਬੇਦੀ ਸ਼ੂਦਰਾਂ ਨਾਲ ਸਦੀਆਂ ਤੋਂ ਹੋ ਰਹੀਆਂ ਜ਼ਿਆਦਤੀਆਂ ਦਾ ਵਿਸਤਾਰ ਪੇਸ਼ ਨਹੀਂ ਕਰਦਾ, ਜਦ ਕਿ ਉਸ ਦਾ ਮੰਤਵ ਹੀ ਇਹੀ ਹੈ ਕਿ ਸਦੀਆਂ ਪੁਰਾਣੀ ਰਵਾਇਤ ਜਿਸ ਵਿੱਚ ਜਾਤ ਪ੍ਰਥਾ ਦੀ ਗਲਤ ਪ੍ਰੰਪਰਾ ਨੂੰ ਸਿੱਖਿਆ ਦੇ ਪਾਸਾਰ ਨਾਲ ਲੋਕਾਂ ਵਿੱਚ ਆਏ ਆਤਮ-ਵਿਸ਼ਵਾਸ ਨਾਲ ਰੱਦ ਕੀਤਾ ਜਾ ਸਕਦਾ ਹੈ। ਦੂਜਾ ਨੁਕਤਾ ਉਸ ਦਾ ਇਹ ਹੈ ਕਿ ਧਨ ਪਿਰੁ ਦੀ ਸਥਿਤੀ 'ਏਕ ਜੋਤਿ ਦੁਇ ਮੂਰਤੀ...' ਵਾਲੀ ਹੋਣੀ ਚਾਹੀਦੀ ਹੈ। ਜੋ ਖੁਸ਼ਹਾਲ ਜੀਵਨ ਦੀ ਜਾਮਨ ਬਣ ਸਕਦੀ ਹੈ। ਗੈਵੀ ਅਤੇ ਨੋਨੀ ਦਾ ਮੇਲ ਵੀ ਪਾਠਕ ਨੂੰ ਸਾਡੀਆਂ ਭਾਰਤੀ ਫਿਲਮਾਂ ਦੇ ਅੰਤ ਵਰਗਾ ਲੱਗ ਸਕਦਾ ਹੈ, ਜੋ ਭਾਰਤੀ ਸੰਸਕ੍ਰਿਤੀ ਵਿਚਲੀ ਪਰੰਪਰਾ ਕਿ ਸਾਰੀ ਜ਼ਿੰਦਗੀ ਦੁੱਖ-ਵਿਛੋੜੇ ਤੋਂ ਬਾਅਦ ਸੁਖ-ਮੇਲ ਮਿਲਣਾ ਹੀ ਹੈ। ਬੇਦੀ ਦੀ ਇਹ ਨਿਵੇਕਲੀ ਸਿਰਜਣਾ ਪੜ੍ਹਨ ਵਾਲੀ ਹੈ।

ਸੰਪਰਕ : 98721-73475

ਲੋਕਤੰਤਰ ਦੇ ਪਰਦੇ ਹੇਠਲੀ ਅਲੋਕਤੰਤਰੀ ਸਿਆਸਤ ਦਾ ਬਿਰਤਾਂਤ

ਨਿਰੰਜਣ ਬੋਹਾ

ਥੇਹ

(ਨਾਵਲ)
ਜਸਵੀਰ ਭੁੱਲਰ
ਪੰਨੇ-112, ਮੁੱਲ-160 ਰੁਪਏ
**ਸਪ

17-Sep-Sunday.qxd 9/16/2023 10:22 PM Page 6

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੀ ਚੋਣ

ਜਲੰਧਰ : ਅੱਧੀ ਸਦੀ ਤੋਂ ਵੱਧ ਸਾਹਿਤਕ ਪਿੜ ਵਿੱਚ ਸਰਗਰਮ ਚਲੀ ਆ ਰਹੀ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ ਪ੍ਰਕਿਰਿਆ ਦੇ ਨਾਮਜ਼ਦਗੀ ਵਾਪਸ ਲੈਣ ਤੋਂ ਬਾਅਦ ਕੇਵਲ 12 ਨਾਮਜ਼ਦਗੀਆਂ ਹੀ ਰਹਿ ਜਾਣ ਕਰਕੇ ਚੋਣ ਅਧਿਕਾਰੀ ਪ੍ਰੋ. ਮਨਜੀਤ ਸਿੰਘ ਛਾਬੜਾ ਨੇ ਇਹਨਾਂ ਦੀ ਨਿਰ-ਵਿਰੋਧ ਹੋਈ ਚੋਣ ਦਾ ਐਲਾਨ ਕਰ ਦਿੱਤਾ, ਜਿਸ ਅਨੁਸਾਰ ਦਰਸ਼ਨ ਬੁੱਟਰ ਪ੍ਰਧਾਨ, ਡਾ. ਹਰਜਿੰਦਰ ਸਿੰਘ ਅਟਵਾਲ ਸੀਨੀਅਰ ਮੀਤ ਪ੍ਰਧਾਨ ਅਤੇ ਸੁਸ਼ੀਲ ਦੁਸਾਂਝ ਜਨਰਲ ਸਕੱਤਰ ਚੁਣੇ ਗਏ। ਮੀਤ ਪ੍ਰਧਾਨਾਂ ਵਿੱਚ ਸ਼ਲਿੰਦਰਜੀਤ ਸਿੰਘ ਰਾਜਨ, ਦਲਜੀਤ ਸਿੰਘ ਸ਼ਾਹੀ, ਬਲਵਿੰਦਰ ਸੰਧੂ, ਮਨਜੀਤ ਇੰਦਰਾ ਅਤੇ ਮੂਲ ਚੰਦ ਸ਼ਰਮਾ ਦੇ ਨਾਂਅ ਸ਼ਾਮਲ ਹਨ। ਸਕੱਤਰਾਂ ਵਿੱਚ ਸੁਰਿੰਦਰਪ੍ਰੀਤ ਘਣੀਆ, ਦੀਪ ਦੇਵਿੰਦਰ ਸਿੰਘ, ਭੁਪਿੰਦਰ ਕੌਰ ਪ੍ਰੀਤ ਅਤੇ ਰਜਿੰਦਰ ਸਿੰਘ ਰਾਜਨ ਦੇ ਨਾਂਅ ਸ਼ਾਮਲ ਹਨ।

ਦਰਸ਼ਨ ਬੁੱਟਰ

ਹਰਜਿੰਦਰ ਅਟਵਾਲ

ਸੁਸ਼ੀਲ ਦੁਸਾਂਝ

ਕੇਂਦਰੀ ਲੇਖਕ ਸਭਾ ਦੀ ਚੋਣ ਹਰ ਤਿੰਨ ਸਾਲ ਬਾਅਦ ਹੁੰਦੀ ਹੈ ਪਰ ਇਸ ਵਾਰ ਇੱਕ ਸਾਲ ਪੱਛੜ ਕੇ ਹੋਈ। ਇਸ ਸਭਾ ਨਾਲ 1906 ਜੀਵਨ ਮੈਂਬਰ ਅਤੇ ਵੱਖ-ਵੱਖ ਲੇਖਕ ਸਭਾਵਾਂ ਰਾਹੀਂ ਦੇਸ਼-ਬਦੇਸ਼ ਵਿੱਚੋਂ 1133 ਮੈਂਬਰ ਜੁੜੇ ਹੋਏ ਹਨ, ਜਿਨ੍ਹਾਂ ਨੇ 17 ਸਤੰਬਰ ਨੂੰ ਹੋਣ ਵਾਲੀ ਚੋਣ ਵਿੱਚ ਭਾਗ ਲੈਣਾ ਸੀ, ਪਰ ਜਦੋਂ 12 ਅਹੁਦਿਆਂ ਲਈ ਇੱਕ-ਇੱਕ ਨਾਂਅ ਹੀ ਰਹਿ ਗਿਆ ਤਾਂ ਚੋਣ ਅਧਿਕਾਰੀ ਨੇ ਇਹਨਾਂ ਨੂੰ ਜੇਤੂ ਐਲਾਨ ਦਿੱਤਾ।

ਕੇਂਦਰੀ ਸਭਾ ਦੇ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਨੇ ਇੱਕ ਸਾਂਝੇ ਪ੍ਰੈੱਸ ਬਿਆਨ ਵਿੱਚ ਕਿਹਾ ਕਿ ਜਲਦੀ ਹੀ ਕਾਰਜਕਾਰਨੀ ਦਾ ਗਠਨ ਕਰਕੇ ਸਾਰਿਆਂ ਦੇ ਸਹਿਯੋਗ ਨਾਲ ਅਗਲੇ ਪ੍ਰੋਗਰਾਮ ਉਲੀਕੇ ਜਾਣਗੇ, ਕਿਉਂ ਜੋ ਸੂਬਾਈ ਅਤੇ ਕੇਂਦਰੀ ਸਰਕਾਰਾਂ ਦਾ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਬਾਰੇ ਅਣਦੇਖੀ ਵਾਲਾ ਰਵੱਈਆ ਹੋਣ ਕਰਕੇ ਤਿੱਖੀ ਅਤੇ ਨਿਰਣਾਇਕ ਲੜਾਈ ਲੜਨ ਲਈ ਤਿਆਰ ਹੋਣਾ ਪਵੇਗਾ, ਜਿਸ ਵਿੱਚ ਕੇਂਦਰੀ ਲੇਖਕ ਸਭਾ ਦੇ ਹਰ ਖੈਰ-ਖੁਆਹ ਕਾਰਕੁੰਨ ਦੀ ਸ਼ਮੂਲੀਅਤ ਲਾਜ਼ਮੀ ਹੋਣੀ ਚਾਹੀਦੀ ਹੈ।

'ਦਰਦ ਏ ਬਲਜੀਤ' ਰਿਲੀਜ਼

ਬਠਿੰਡਾ-ਪੰਜਾਬੀ ਸਾਹਿਤ ਸਭਾ (ਰਜਿ.) ਬਠਿੰਡਾ ਵੱਲੋਂ ਜਸਬੀਰ ਸਿੰਘ ਢਿੱਲੋਂ ਦਾ ਕਾਵਿ ਸੰਗ੍ਰਹਿ ਸਥਾਨਕ ਟੀਚਰਜ਼ ਹੋਮ ਵਿਖੇ ਭਰਵਾਂ ਸਮਾਗਮ ਕਰਕੇ ਲੋਕ ਅਰਪਣ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਉੱਘੇ ਨਾਟਕਕਾਰ ਅਤੇ ਆਲੋਚਕ ਡਾ. ਕੁਲਦੀਪ ਸਿੰਘ ਦੀਪ ਨੇ ਕੀਤੀ। ਐਡਵੋਕੇਟ ਨਵਦੀਪ ਸਿੰਘ ਜੀਦਾ ਚੇਅਰਮੈਨ ਸ਼ੂਗਰਫੈੱਡ ਪੰਜਾਬ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਸਿੱਧੂ ਦਮਦਮੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸਮਾਗਮ ਵਿੱਚ ਸ਼ਿਰਕਤ ਕੀਤੀ। ਪ੍ਰਧਾਨਗੀ ਮੰਡਲ ਵਿੱਚ ਜਸਪਾਲ ਮਾਨਖੇੜਾ, ਗੁਰਦੇਵ ਖੋਖਰ ਅਤੇ ਜਸਬੀਰ ਸਿੰਘ ਢਿੱਲੋਂ ਹਾਜ਼ਰ ਸਨ। ਪ੍ਰਧਾਨਗੀ ਮੰਡਲ ਵਿੱਚ ਮੌਜੂਦ ਸ਼ਖਸੀਅਤਾਂ ਨੇ ਕਾਵਿ ਸੰਗ੍ਰਹਿ 'ਦਰਦ ਏ ਬਲਜੀਤ' ਨੂੰ ਲੋਕ ਅਰਪਣ ਕੀਤਾ। ਇਸ ਉਪਰੰਤ ਪਿਛਲੇ ਦਿਨੀਂ ਵਿੱਛੜ ਗਏ ਸਾਹਿਤਕਾਰਾਂ ਦੇ ਸੋਗ ਵਜੋਂ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਪ੍ਰੈੱਸ ਸਕੱਤਰ ਅਮਨ ਦਾਤੇਵਾਸੀਆ ਨੇ ਦੱਸਿਆ ਕਿ ਪ੍ਰੋਗਰਾਮ ਦੀ ਰਸਮੀ ਸ਼ੁਰੂਆਤ ਕਰਦੇ ਹੋਏ ਸਭਾ ਦੇ ਪ੍ਰਧਾਨ ਜਸਪਾਲ ਮਾਨਖੇੜਾ ਨੇ ਸਮੂਹ ਹਾਜ਼ਰੀਨ ਨੂੰ ਨਿੱਘਾ ਜੀ ਆਇਆਂ ਨੂੰ ਕਿਹਾ। ਉਹਨਾਂ ਕਿਹਾ ਕਿ ਸਾਹਿਤ ਸੰਜੀਵਨੀ ਹੈ, ਜੋ ਮਨੁੱਖ ਨੂੰ ਨਿੱਜੀ ਦੁੱਖਾਂ ਤੋਂ ਪਾਰ ਲਿਜਾ ਕੇ ਅਡੋਲ ਜ਼ਿੰਦਗੀ ਜਿਉਣ ਲਈ ਪ੍ਰੇਰਿਤ ਕਰਦੀ ਹੈ। ਲੇਖਕ ਨੇ ਵੀ ਆਪਣੇ ਵਡੇਰੇ ਦੁੱਖ ਨੂੰ ਸਾਹਿਤ ਦਾ ਸਹਾਰਾ ਲੈ ਕੇ ਸਮੂਹ ਦਾ ਦਰਦ ਬਣਾ ਕੇ ਕਿਤਾਬ ਵਿੱਚ ਪੇਸ਼ ਕੀਤਾ ਹੈ।ਲੇਖਕ ਬਾਰੇ ਬੋਲਦਿਆਂ ਸਿੱਧੂ ਦਮਦਮੀ ਨੇ ਕਿਹਾ ਕਿ ਅਕਸਰ ਲੋਕ ਵੱਡੇ ਹਾਦਸੇ ਨੂੰ ਭੁੱਲ ਜਾਂਦੇ ਨੇ ਪ੍ਰੰਤੂ ਢਿੱਲੋਂ ਨੇ ਆਪਣੀ ਪਤਨੀ ਦੀ ਨਾਮੁਰਾਦ ਬਿਮਾਰੀ ਨਾਲ ਹੋਈ ਮੌਤ ਵਾਲੇ ਅਸਹਿ ਹਾਦਸੇ ਨੂੰ ਸਾਹਿਤ ਦੇ ਸਾਂਚੇ ਵਿੱਚ ਪੇਸ਼ ਕਰਕੇ ਵਿਲੱਖਣ ਕਾਰਜ ਕੀਤਾ ਹੈ। ਡਾ. ਗੁਰਪ੍ਰੀਤ ਸਿੰਘ ਨੇ ਕਿਹਾ ਕਿ ਸਿਗਮੰਡ ਫਰਾਇਡ ਦੇ ਸਿਧਾਂਤ ਅਨੁਸਾਰ ਮਨੁੱਖ ਜਿਵੇਂ ਆਪਣੀ ਨਾਕਾਰਾਤਮਕ ਊਰਜਾ ਨੂੰ ਧਨਾਤਮਕ ਊਰਜਾ ਵਿੱਚ ਬਦਲ ਦਿੰਦਾ ਹੈ, ਠੀਕ ਉਸ ਤਰ੍ਹਾਂ ਲੇਖਕ ਨੇ ਆਪਣੇ ਦਿਲ ਦਾ ਖੂਨ ਕੱਢ ਕੇ ਪੰਨਿਆਂ ਉੱਤੇ ਲਿਖਿਆ ਹੈ। ਗੁਰਦੇਵ ਖੋਖਰ ਨੇ ਕਿਹਾ ਕਿ ਕਵਿਤਾ ਸੂਖਮ ਭਾਵਾਂ ਦਾ ਪ੍ਰਗਟਾਵਾ ਹੈ, ਪ੍ਰੰਤੂ ਇਹ ਕਲਪਨਾ ਦੀ ਉਡਾਰੀ ਤੋਂ ਬਿਨਾਂ ਸੰਪੂਰਨ ਨਹੀਂ ਹੁੰਦੀ। ਅਤਰਜੀਤ ਨੇ ਕਿਹਾ ਕਿ ਲੇਖਕ ਯੋਧਾ ਹੋ ਨਿਕਲਿਆ, ਜਿਸ ਨੇ ਆਪਣੇ ਦਰਦ ਨੂੰ ਉਲਾਰ ਨਹੀਂ ਹੋਣ ਦਿੱਤਾ। ਡਾ. ਗੁਰਸੇਵਕ ਲੰਬੀ ਨੇ ਕਿਹਾ ਕਿ ਕਵਿਤਾ ਟੁੱਟ ਚੁੱਕੇ ਬੰਦਿਆਂ ਨੂੰ ਠਾਹਰ ਦਿੰਦੀ ਹੈ। ਪ੍ਰਧਾਨਗੀ ਭਾਸ਼ਣ ਦਿੰਦੇ ਹੋਏ ਡਾ. ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਸੰਯੋਗ ਤੇ ਵਿਯੋਗ ਸਾਹਿਤ ਦੇ ਦੋ ਰੰਗ ਹੁੰਦੇ ਹਨ। ਇਹ ਸਰਵਕਾਲੀ ਰੰਗ ਹੀ ਮਨੁੱਖ ਨੂੰ ਮਸ਼ੀਨ ਬਣਨ ਤੋਂ ਰੋਕਦੇ ਹਨ। ਲੋਕਧਾਰਾ ਵਿੱਚ ਵਿਛੋੜੇ ਦਾ ਪ੍ਰਗਟਾਵਾ ਵੈਣ, ਅਲਾਹੁਣੀਆਂ ਅਤੇ ਮਰਸੀਆ ਵਿਧਾਵਾਂ ਵਿੱਚ ਮਿਲਦਾ ਹੈ। ਸੂਖਮ ਵਰਤਾਰੇ ਹੀ ਬੰਦੇ ਨੂੰ ਬੰਦਾ ਬਣਾਉਂਦੇ ਨੇ। ਬਾਰਾਮਾਹ ਦੇ ਹਵਾਲੇ ਨਾਲ ਉਹਨਾਂ ਕਿਹਾ ਕਿ ਪ੍ਰਕਿਰਤੀ ਸਾਨੂੰ ਸੁੱਖ ਵੇਲੇ ਸੁੱਖ ਅਤੇ ਦੁੱਖ ਵੇਲੇ ਦੁੱਖ ਦਿੰਦੀ ਹੈ। ਕਿਤਾਬ ਵਿਚਲੀ ਕਵਿਤਾ ਨੂੰ ਉਹਨਾਂ ਔਰਤ ਦੇ ਅਹਿਸਾਸ, ਸਨਮਾਨ ਅਤੇ ਮੁਕਾਮ ਦੀ ਕਵਿਤਾ ਆਖ ਕੇ ਵਡਿਆਇਆ। ਲੇਖਕ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਤਨੀ ਦੇ ਵਿਛੋੜੇ ਦੇ ਦਰਦ ਨੇ ਹੀ ਇਸ ਕਿਤਾਬ ਦਾ ਮੁੱਢ ਬੰਨ੍ਹਿਆ ਹੈ।

-ਅਮਨ ਦਾਤੇਵਾਸੀਆ

'ਔਹ ਹੈ ਮੰਜ਼ਿਲ' ਲੋਕ ਅਰਪਣ

ਪਟਿਆਲਾ-ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿਚ ਜਸਵੰਤ ਸਿੰਘ ਜਨਾਗਲ ਰਚਿਤ ਪਲੇਠੀ ਪੁਸਤਕ ਸਵੈ ਜੀਵਨੀ 'ਔਹ ਹੈ ਮੰਜ਼ਿਲ' ਦਾ ਲੋਕਅਰਪਣ ਕੀਤਾ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਤੋਂ ਇਲਾਵਾ ਭਾਸ਼ਾ ਵਿਭਾਗ, ਪੰਜਾਬ ਦੇ ਸਾਬਕਾ ਡਾਇਰੈਕਟਰ ਸ੍ਰੀਮਤੀ ਗੁਰਸ਼ਰਨ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦੋਂ ਕਿ ਸਾਹਿਤ ਅਕਾਦਮੀ ਐਵਾਰਡੀ ਪ੍ਰੋ. ਕਿਰਪਾਲ ਕਜ਼ਾਕ ਨੇ ਪ੍ਰਧਾਨਗੀ ਦਾ ਫ਼ਰਜ਼ ਅਦਾ ਕੀਤਾ।

ਡਾ. ਦਰਸ਼ਨ ਸਿੰਘ 'ਆਸ਼ਟ' ਨੇ ਲੇਖਕਾਂ ਨੂੰ ਜੀ ਆਇਆਂ ਕਹਿੰਦੇ ਹੋਏ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਸਿਹਤਮੰਦ ਸਾਹਿਤ ਰਚਨਾ ਨੂੰ ਵਿਸ਼ੇਸ਼ ਮਹੱਤਵ ਦਿੰਦਿਆਂ ਕਿਹਾ ਕਿ ਇਹ ਮਾਂ ਬੋਲੀ ਦਾ ਵਿਕਾਸ ਕਰਨ ਦੇ ਨਾਲ-ਨਾਲ ਆਪਣੀਆਂ ਮੁੱਲਵਾਨ ਕਦਰਾਂ-ਕੀਮਤਾਂ ਨੂੰ ਵੀ ਫੈਲਾਉਂਦਾ ਹੈ। ਪ੍ਰੋ. ਕਿਰਪਾਲ ਕਜ਼ਾਕ ਨੇ ਇਸ ਗੱਲ ਉਪਰ ਪ੍ਰਭਾਵਸ਼ਾਲੀ ਢੰਗ ਨਾਲ ਜ਼ੋਰ ਦਿੱਤਾ ਕਿ ਸਾਹਿਤਕਾਰ ਜੋ ਕੌੜੇ-ਮਿੱਠੇ ਅਨੁਭਵ ਆਪਣੀ ਜ਼ਿੰਦਗੀ ਵਿਚ ਹੰਢਾ ਕੇ ਸਵੈ ਜੀਵਨੀ ਰੂਪ ਵਿਚ ਪੇਸ਼ ਕਰਦਾ ਹੈ, ਉਸ ਦਾ ਪਾਠਕਾਂ ਦੇ ਮਨਾਂ 'ਤੇ ਡੂੰਘਾ ਅਸਰ ਪੈਂਦਾ ਹੈ। ਗੁਰਸ਼ਰਨ ਕੌਰ ਦੀ ਧਾਰਨਾ ਸੀ ਕਿ ਸਾਹਿਤ ਸਭਾਵਾਂ ਨਵੇਂ ਪਾਠਕ ਵਰਗ ਨੂੰ ਪੇਸ਼ ਕਰਕੇ ਇਕ ਵਰਕਸ਼ਾਪ ਦਾ ਉਸਾਰੂ ਕਾਰਜ ਕਰ ਰਹੀਆਂ ਹਨ।

ਡਾ. ਗੁਰਬਚਨ ਸਿੰਘ ਰਾਹੀ ਦਾ ਕਹਿਣਾ ਸੀ ਕਿ ਲੇਖਕ ਦੀ ਮਨੁੱਖੀ ਸਮਾਜ ਪ੍ਰਤੀ ਪ੍ਰਤਿਬੱਧਤਾ ਬੇਹੱਦ ਜ਼ਰੂਰੀ ਹੈ। ਡਾ. ਬਾਲ ਕ੍ਰਿਸ਼ਨ ਨੇ ਇਸ ਸਵੈ ਜੀਵਨੀ ਨੂੰ ਆਪਾ ਚੀਨਣ ਵਾਲੀ ਕ੍ਰਿਤ ਨਾਲ ਤੁਲਨਾ ਦਿੱਤੀ, ਜਦੋਂ ਕਿ ਧਰਮ ਕੰਮੇਆਣਾ ਨੇ ਕਿਹਾ ਕਿ ਮਿਆਰੀ ਰਚਨਾ ਹਮੇਸ਼ਾ ਜਿਉਂਦੀ ਰਹਿੰਦੀ ਹੈ। ਪੁਸਤਕ ਉਪਰ ਡਾ. ਗੁਰਬੀਰ ਸਿੰਘ ਨੇ ਮੁੱਖ ਪੇਪਰ ਪੜ੍ਹਦਿਆਂ ਪੁਸਤਕ ਦੇ ਵਿਸ਼ੇ ਅਤੇ ਕਲਾ ਪੱਖ ਦੇ ਕੁਝ ਅਹਿਮ ਨੁਕਤੇ ਸਾਂਝੇ ਕੀਤੇ, ਜਦੋਂ ਕਿ ਡਾ. ਰਾਜਵੰਤ ਕੌਰ ਪੰਜਾਬੀ, ਡਾ. ਹਰਪ੍ਰੀਤ ਸਿੰਘ ਰਾਣਾ ਅਤੇ ਡਾ. ਸੰਤੋਖ ਸਿੰਘ ਸੁੱਖੀ ਦੀਆਂ ਪੁਸਤਕ ਸੰਬੰਧੀ ਭਾਵਨਾਵਾਂ ਦਾ ਵੀ ਸਾਰਥਿਕ ਸੰਚਾਰ ਕੀਤਾ ਗਿਆ। ਜਸਵੰਤ ਸਿੰਘ ਜਨਾਗਲ ਨੇ ਆਪਣੀ ਸਵੈ ਜੀਵਨੀ ਦੀ ਰਚਨਾ ਨਾਲ ਜੁੜੀਆਂ ਖ਼ੂਬਸੂਰਤ ਯਾਦਾਂ ਭਾਵੁਕਤਾ ਦੇ ਪਰਵਾਹ ਵਿਚ ਵਹਿੰਦਿਆਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ।

—ਦਵਿੰਦਰ ਪਟਿਆਲਵੀ

ਡਾ. ਅੰਬਰੀਸ਼ ਨੂੰ ਭੂਸ਼ਨ ਧਿਆਨਪੁਰੀ ਯਾਦਗਾਰੀ ਐਵਾਰਡ

ਖਰੜ- ਸੁਰ ਸਾਂਝ ਕਲਾ ਮੰਚ ਖਰੜ (ਰਜਿ.) ਵੱਲੋਂ ਏਥੇ ਟੀ.ਐੱਸ. ਸੈਂਟਰਲ ਸਟੇਟ ਲਾਇਬ੍ਰੇਰੀ, ਚੰਡੀਗੜ੍ਹ ਵਿਖੇ ਪਹਿਲਾ ਭੂਸ਼ਨ ਧਿਆਨਪੁਰੀ ਯਾਦਗਾਰੀ ਵਾਰਤਕ ਐਵਾਰਡ ਡਾ. ਅੰਬਰੀਸ਼ ਹੁਰਾਂ ਨੂੰ ਦਿੱਤਾ ਗਿਆ। ਸਮਾਗਮ ਵਿੱਚ ਡਾ. ਅੰਬਰੀਸ਼ ਹੁਰਾਂ ਨੂੰ ਭੂਸ਼ਨ ਧਿਆਨਪੁਰੀ ਯਾਦਗਾਰੀ ਵਾਰਤਕ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸ੍ਰੀ ਗੁਰਪ੍ਰੀਤ ਨੇ ਕਿਹਾ ਕਿ ਡਾ. ਅੰਬਰੀਸ਼ ਬਹੁਤ ਹੀ ਬਾਰੀਕ ਸਮਝ ਵਾਲਾ ਲੇਖਕ ਹੈ। ਇਸ ਨੂੰ ਸਨਮਾਨਤ ਕਰਨਾ ਖੁਦ ਸਨਮਾਨਤ ਹੋਣਾ ਹੈ। ਹਰਫਨਮੌਲਾ ਲੇਖਕ ਡਾ. ਮਨਮੋਹਨ ਨੇ ਕਿਹਾ ਕਿ ਅੰਬਰੀਸ਼ ਨੂੰ ਆਪਣੇ ਸ਼ਬਦਾਂ ਨੂੰ ਥਾਂ ਸਿਰ ਰੱਖਣਾ ਆਉਂਦਾ ਹੈ; ਵਾਰਤਕ ਸਭ ਤੋਂ ਔਖੀ ਵਿਧਾ ਹੈ। ਅੱਜ ਦੇ ਸਮਾਗਮ ਦੇ ਮੁੱਖ ਮਹਿਮਾਨ ਡਾ. ਲਖਵਿੰਦਰ ਜੌਹਲ ਨੇ ਕਿਹਾ ਕਿ ਅੱਜ ਦਾ ਕਵੀ ਦਰਬਾਰ ਸੁਣ ਕੇ ਮੈਂ ਆਪਣੇ ਪਿਛਲੇ ਸੁਣੇ ਨੂੰ ਵਿਰਾਮ ਦਿੱਤਾ। ਅੱਜ ਦੇ ਸਨਮਾਨਤ ਲੇਖਕ ਬਾਰੇ ਉਹਨਾਂ ਕਿਹਾ ਕਿ ਅੰਬਰੀਸ਼ ਛੋਟੀਆਂ-ਛੋਟੀਆਂ ਗੱਲਾਂ 'ਤੇ ਆਪਣਾ ਬਿਰਤਾਂਤ ਬੁਣਦੇ ਨੇ; ਮੈਂ ਇਹਨਾਂ ਦੇ ਲੇਖਣ ਤੋਂ ਪ੍ਰਭਾਵਤ ਹਾਂ। ਮੰਚ ਦੇ ਪ੍ਰਧਾਨ ਸੁਰਜੀਤ ਸੁਮਨ ਨੇ ਸਾਰੇ ਦੋਸਤਾਂ ਦਾ ਧੰਨਵਾਦ ਕੀਤਾ। ਉਹਨਾਂ ਕਹਾਣੀਕਾਰ ਬਲੀਜੀਤ ਹੁਰਾਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਇਸ ਇਨਾਮ ਦੀ ਨੀਂਹ ਬੰਨ੍ਹੀ। ਮੰਚ ਸੰਚਾਲਨ ਸੁਰ ਸਾਂਝ ਕਲਾ ਮੰਚ ਦੇ ਜਨਰਲ ਸਕੱਤਰ ਜਗਦੀਪ ਸਿੱਧੂ ਨੇ ਨਿਭਾਇਆ। ਇਸ ਸਮਾਗਮ ਵਿਚ ਕਹਾਣੀਕਾਰ ਗੁਲ ਚੌਹਾਨ, ਸਰਦਾਰਾ ਸਿੰਘ ਚੀਮਾ, ਅਜੀਤ ਹਮਦਰਦ, ਜੰਗ ਬਹਾਦਰ ਗੋਇਲ, ਨਿਖਿਲ, ਦਰਸ਼ਨ ਤਿਉਣਾ, ਜਸਪਾਲ ਫਿਰਦੌਸੀ ਆਦਿ ਨੇ ਸ਼ਿਰਕਤ ਕੀਤੀ।

ਜੁਝਾਰੂ ਵਿਰਸਾ ਅੱਗੇ ਲਿਜਾਣ ਦਾ ਅਹਿਦ

ਸਲੋਹ (ਯੂ.ਕੇ.) ਪਿਛਲੇ ਦਿਨੀਂ ਕੌਮਾਂਤਰੀ ਪ੍ਰੋਗਰੈਸਿਵ ਲੇਖਕ-ਪਾਠਕ ਮੰਚ ਯੂ ਕੇ ਵੱਲੋਂ ਪੰਜਾਬੀ ਸਾਹਿਤਕ ਜਗਤ ਵਿੱਚ ਅਤੇ ਏਸ਼ੀਅਨ ਭਾਈਚਾਰੇ ਵਿੱਚ ਵਿਲੱਖਣ ਪਿਰਤ ਪਾਉਣ ਦੀ ਕੋਸ਼ਿਸ਼ ਕਰਦਿਆਂ ਨਿਵੇਕਲਾ ਕਦਮ ਪੁੱਟਿਆ ਗਿਆ ਹੈ। ਸਥਾਨਕ ਸਹਿਯੋਗੀਆਂ, ਵਿਚਾਰਧਾਰਕ ਵਖਰੇਵੇਂ ਰੱਖਦੇ, ਨੌਜਵਾਨ ਵਰਗ ਅਤੇ ਸਰਗਰਮ ਲੋਕਾਂ ਦਾ ਸਾਥ ਲੈ ਕੇ 27 ਅਗਸਤ 2023 ਨੂੰ ਭਰਵਾਂ ਸਮਾਗਮ ਕਰਵਾ ਕੇ ਪੀੜ੍ਹੀ-ਪਾੜੇ ਦੀਆਂ ਦੂਰੀਆਂ ਨੂੰ ਨੇੜੇ ਲਿਆਉਣ ਦਾ ਯਤਨ ਅਰੰਭਿਆ ਗਿਆ।

ਪ੍ਰੋਗਰਾਮ ਦੇ ਪਹਿਲੇ ਸੈਸ਼ਨ ਵਿਚ ਕਵਿੱਤਰੀ ਕੁਲਦੀਪ ਕੌਰ ਕਿੱਟੀ ਬੱਲ ਦੀਆਂ ਦੋ ਕਿਤਾਬਾਂ ਉੱਪਰ ਸਥਾਪਤ ਕਲਮ ਦਰਸ਼ਨ ਬੁਲੰਦਵੀ ਨੇ ਦਲੀਲ ਭਰਪੂਰ ਪਰਚਾ ਲਿਖਿਆ ਅਤੇ ਪੜ੍ਹਿਆ। ਇਸ ਪੇਪਰ ਉੱਪਰ ਗਹਿਗੱਚ ਬਹਿਸ ਹੋਈ ਅਤੇ ਨਵੀਆਂ ਪੱਧਤੀਆਂ ਉੱਭਰ ਕੇ ਸਾਹਮਣੇ ਆਈਆਂ। ਗੁਰਨਾਮ ਕੰਵਰ, ਕੁਲਵੰਤ ਢਿੱਲੋਂ ਅਤੇ ਸਰਵਣ ਜ਼ਫਰ 'ਤੇ ਆਧਾਰਤ ਪ੍ਰਧਾਨਗੀ ਮੰਡਲ ਤਹਿਤ ਇਸ ਸੈਸ਼ਨ ਦੇ ਸਕੱਤਰ ਦੀ ਜ਼ਿੰਮੇਵਾਰੀ ਨਾਮਵਰ ਲੇਖਕ ਮਹਿੰਦਰਪਾਲ ਧਾਲੀਵਾਲ ਨੇ ਬਾਖੂਬੀ ਨਿਭਾਈ।

ਇਸ ਤੋਂ ਬਾਅਦ ਉਪਰੋਕਤ ਤਿੰਨਾਂ ਸ਼ਖ਼ਸੀਅਤਾਂ ਨਾਲ ਕੰਮ ਕਰਦੇ ਰਹੇ ਸਮਾਜ ਸੇਵੀਆਂ ਦੇ ਪਰਵਾਰਾਂ ਅਤੇ ਉਹਨਾਂ ਨੂੰ ਸਨਮਾਨਦਿਆਂ, ਉਹਨਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ, ਜਿਵੇਂ ਵਿਸ਼ਨੂੰ ਦੱਤ ਬਾਰੇ ਕੌਂਸਲਰ ਰਣਜੀਤ ਧੀਰ, ਅਜੀਤ ਸਿੰਘ ਰਾਏ ਬਾਰੇ ਵਰਿੰਦਰ ਸ਼ਰਮਾ ਮੈਂਬਰ ਪਾਰਲੀਮੈਂਟ ਸਾਊਥਾਲ ਨੇ ਆਪਣੇ ਨਜ਼ਰੀਏ ਤੋਂ ਇਹਨਾਂ ਨਾਲ ਬਿਤਾਏ ਤਜਰਬੇ ਸਾਂਝੇ ਕੀਤੇ।

ਇਸੇ ਤਰ੍ਹਾਂ ਵਚਨਬੱਧ ਪ੍ਰਗਤੀਸ਼ੀਲ ਸੰਗਰਾਮੀਏ ਹਰਦੀਪ ਸਿੰਘ ਦੂਹੜਾ ਬਾਰੇ ਮੱਖਣ ਸੰਧੂ, ਨਾਮਵਰ ਏਸ਼ੀਅਨ ਟਰੇਡ ਯੂਨੀਅਨਿਸਟ ਇਕਬਾਲ ਵੈਦ ਅਤੇ ਸੁਖਦੇਵ ਜੌਹਲ ਬਾਰੇ ਕਾਮਰੇਡ ਹਰਸੇਵ ਬੈਂਸ, ਨਿਰਪੱਖ ਅਤੇ ਪੱਤਰਕਾਰਤਾ ਦੇ ਧਨੀ ਸਰਵਣ ਸਿੰਘ ਜ਼ਫ਼ਰ ਬਾਰੇ ਗੁਰਨਾਮ ਕੰਵਰ ਨੇ ਆਪਣੇ ਚੋਣਵੇਂ ਸ਼ਬਦਾਂ ਰਾਹੀਂ ਚਾਨਣਾ ਪਾਇਆ। ਇਸ ਤੋਂ ਬਾਅਦ ਸੰਤੋਖ ਸਿੰਘ ਹੇਅਰ ਨੇ ਆਪ

17-Sep-Sunday.qxd 9/16/2023 10:20 PM Page 3

__ਸਵੈ ਕਥਨ-__ ਕਵਿਤਾ ਦਾ ਕੀ ਹੈ, ਕਵੀ ਤਾਂ ਹਮੇਸ਼ਾ ਕਵਿਤਾ ਦੀ ਆਹਟ ਸੁਣੇ। ਕਵਿਤਾ ਉਸ ਦੇ ਰਹੇ ਹਮੇਸ਼ਾ ਅੰਗ-ਸੰਗ। ਦੇਰ ਤੋਂ ਕਵਿਤਾ ਨਾਲ ਵਿਚਰਦਿਆਂ ਤੇ ਇਸ ਨੂੰ ਨਿਭਾਉਂਦਿਆਂ ਸਮਝ ਪਈ ਕਿ ਫਕੀਰੀਆ ਕਵਿਤਾ ਦਾ ਜਿਗਰੀ-ਯਾਰ। ਕਵਿਤਾ ਆਪ ਤੁਰੇ ਨਾਲ, ਜ਼ਮੀਰ ਨੂੰ ਪੁਕਾਰੇ ਚੱਲ ਮੇਰੇ ਨਾਲ। ਜੇਕਰ ਕਵਿਤਾ ਹੈ ਤਾਂ ਮੈਂ ਹਾਂ ਜ਼ਿੰਦਾ, ਕਵਿਤਾ ਪਾਠਕ ਦਾ ਰੱਖੇ ਖਿਆਲ, ਕਵਿਤਾ ਆਰ ਨਾ ਪਾਰ। ਕਵੀ ਦਾ ਆਪਣਾ ਕਰਮ, ਕਵਿਤਾ ਦਾ ਆਪਣਾ ਧਰਮ। —ਕਦੇ ਡਾ. ਰਣਧੀਰ ਸਿੰਘ ਚੰਦ ਨੇ ਸ਼ਾਇਦ ਠੀਕ ਹੀ ਕਿਹਾ ਹੋਵੇਗਾ—ਤੁਸੀਂ ਕੋਈ ਵੀ ਵਿਧਾ, ਵੰਨਗੀ ਲਿਖੋ, ਪਰ ਕਵਿਤਾ ਤੋਂ ਕਦੇ ਮੂੰਹ ਨਾ ਮੋੜਿਓ, ਕਿਉਂਕਿ ਮੈਂ ਜਦੋਂ ਵੀ ਕਿਤੇ ਤੁਹਾਡੀ ਕਵਿਤਾ ਪੜ੍ਹਦਾ ਜਾਂ ਸੁਣਦਾ ਹਾਂ, ਮੈਨੂੰ ਇਉਂ ਲੱਗਦਾ ਹੁੰਦੈ ਕਿ ਸੁਖਮਿੰਦਰ ਸੇਖੋਂ ਤੇ ਕਵਿਤਾ ਦੋ ਨਹੀਂ, ਇੱਕ ਦੂਜੇ ਦੇ ਪੂਰਕ ਹਨ।

ਅੱਜ ਡਾ. ਚੰਦ ਵਾਂਗ ਹੀ ਜਦੋਂ ਮੈਂ ਦੂਸਰੇ ਪ੍ਰੌੜ੍ਹ ਕਵੀਆਂ, ਆਲੋਚਕਾਂ ਕੋਲੋਂ ਅਜਿਹੇ ਹੀ ਪ੍ਰਵਚਨ ਸੁਣਦਾ ਹਾਂ ਤਾਂ ਮੈਨੂੰ ਸ਼ਿੱਦਤ ਨਾਲ ਅਹਿਸਾਸ ਹੁੰਦੈ ਕਿ ਮੈਂ ਅੱਜ ਤੱਕ ਵੀ ਕਵਿਤਾ ਨਾਲੋਂ ਤੋੜ-ਵਿਛੋੜਾ ਕਿਉਂ ਨਹੀਂ ਕੀਤਾ? ਕਰ ਹੀ ਨਹੀਂ ਸੀ ਸਕਦਾ, ਨਹੀਂ ਤਾਂ ਵਿਦਵਾਨ ਦੋਸਤਾਂ ਤੇ ਪਾਠਕਾਂ, ਸਰੋਤਿਆਂ ਦੀਆਂ ਦੁਆਵਾਂ ਦਾ ਕੀ ਬਣਦਾ? ਬਹਰਹਾਲ ਦਾਨਿਸ਼ਵਰਾਂ ਤੇ ਪਾਠਕਾਂ ਦਾ ਮੇਰੀ ਕਾਵਿ ਰਚਨਾ ਦੇ ਸੰਦਰਭ ਵਿੱਚ ਪਿਆਰ ਇਵੇਂ-ਤਿਵੇਂ ਹੀ ਬਣਿਆ ਰਹੇ।

ਸੁਖਮਿੰਦਰ ਸੇਖੋਂ ਦੀਆਂ ਨਵੀਂਆਂ ਕਵਿਤਾਵਾਂ

ਕਵਿਤਾ ਨਹੀਂ ਮੋਹਤਾਜ

ਕਵਿਤਾ ਕੇਵਲ ਤਾੜੀ ਦੀ ਮੋਹਤਾਜ ਨਹੀਂ ਹੁੰਦੀ
ਕਵਿਤਾ ਸਿਰਫ ਦਿਲ ਦੀ ਗੱਲ ਵੀ ਨਹੀਂ ਹੁੰਦੀ
ਕਵਿਤਾ ਸ਼ਬਦਾਂ ਦੀ ਵਿਆਖਿਆ ਵੀ ਨਹੀਂ ਹੁੰਦੀ
ਕਵਿਤਾ ਅਸਧਾਰਣ ਸ਼ਬਦਾਂ ਦਾ ਭੇੜ ਵੀ ਨਹੀਂ ਹੁੰਦੀ
ਕਵਿਤਾ ਮੌਸਮਾਂ ਦਾ ਪਾਠ ਤੇ ਤਿਉਹਾਰਾਂ ਦਾ
ਗੁਣਗਾਣ ਵੀ ਨਹੀਂ ਹੁੰਦੀ

ਕਵਿਤਾ ਤਾਂ ਸਾਧਾਰਨ ਹੁੰਦੀ ਹੈ
ਬੰਜਰ ਮਨ ਦੀ ਰੇਤਲੀ ਜ਼ਿਮੀਂ ਨੂੰ
ਜ਼ਰਖੇਜ਼ ਬਣਾਉਣ ਦਾ ਵਸੀਲਾ ਹੁੰਦੀ ਹੈ
ਕਵਿਤਾ ਤਪਦੇ ਪਾਣੀਆਂ ਨੂੰ ਠਾਰਨ ਤੇ
ਕੋਸੇ ਪਾਣੀਆਂ ਵਿੱਚ ਤਬਦੀਲ ਕਰਨ ਦਾ ਨਾਂਅ
ਕਵਿਤਾ ਬਹਾਰ ਵੀ ਹੈ ਤੇ ਪੱਤਝੜ ਦਾ ਨਾਂਅ ਵੀ ਹੈ

ਇਸਦੇ ਬਾਵਜੂਦ ਕਵਿਤਾ ਨਾ ਤਿੱਥ ਨਾ ਤਿਉਹਾਰ
ਨਾ ਮੇਲੇ ਤੇ ਮੇਲੀਆਂ ਦੇ ਜਸ਼ਨ ਤੱਕ ਮਹਿਦੂਦ
ਕਵਿਤਾ ਦੀ ਕੋਈ ਸੀਮਾ ਨਹੀਂ
ਕਵਿਤਾ ਨਿਭਾਉਂਦੀ ਆਪਣਾ ਧਰਮ
ਮਨੁੱਖ ਨਿਭਾਏ ਆਪਣੇ ਕਰਮ

ਕਵਿਤਾ ਬਣਾਉਂਦਾ ਨਾ ਕੋਈ
ਕਵਿਤਾ ਦਾ ਰੂਪ ਸਜੇ ਆਪ
ਪਰ ਇਸ ਦੇ ਬਾਵਜੂਦ
ਕਵਿਤਾ ਤਾਂ ਹਰ ਕੋਈ ਕਹਿੰਦਾ
ਮੇਰੀ ਬੀਵੀ-ਮੇਰੇ ਬੱਚੇ-
ਮੇਰੀ ਮਾਂ ਵੀ ਕਹਿੰਦੀ ਕਵਿਤਾ ਕਦੀ ਕਦੀ
ਜੋ ਸਮਝ ਆਵੇ ਭਲੀ ਪ੍ਰਕਾਰ
ਪਰ ਫਿਰ ਵੀ ਨਾ ਹੁੰਦੀ ਕਵਿਤਾ

ਕਵਿਤਾ ਸਾਰੇ ਵਹਿਮਾਂ-ਭਰਮਾਂ-ਧਰਮਾਂ ਤੋਂ ਪਾਰ
ਕਵਿਤਾ ਦਾ ਆਪਣਾ ਇੱਕ ਅਲੱਗ ਸੰਸਾਰ
ਕਵਿਤਾ ਨਾ ਕਿਸੇ ਤਾੜੀ ਦੀ ਮੋਹਤਾਜ।

ਮਾਂ ਤੇ ਮੋਮਬੱਤੀ

ਮੋਮਬੱਤੀ ਪਿਘਲਦੀ ਹੈ
ਮਾਂ ਵੀ ਪਿਘਲਦੀ ਹੈ
ਪਰ ਦੋਹਾਂ ਵਿਚ ਵੱਡਾ ਅੰਤਰ
ਮਾਂ ਪਿਘਲ ਕੇ ਵੀ
ਸਾਬਤ ਸਬੂਤੀ ਰਹਿੰਦੀ
ਜਦੋਂ ਕਿ ਮੋਮਬੱਤੀ
ਪਿਘਲ ਕੇ ਢਲ ਜਾਂਦੀ
ਜ਼ਰਾ ਮਾਤਰ ਰਹਿ ਜਾਂਦੀ ਉਸ ਦੀ ਹੋਂਦ
ਲੇਕਿਨ ਮਾਂ—
ਢਲਦੀ ਉਮਰ 'ਚ ਵੀ ਨਾ ਢਲੇ
ਚੂੰਕਿ ਉਹ ਕਦੇ ਨਾ ਖੁਰਦੀ
ਮਾਂ ਕਦੇ ਨਾ ਮਰਦੀ
ਮਾਂ ਹਮੇਸ਼ਾ ਚੇਤਿਆਂ ਵਿਚ ਤਾਜ਼ਾ ਰਹਿੰਦੀ
ਮਾਂ ਤੇ ਮੋਮਬੱਤੀ ਵਿਚ ਬੱਸ ਇਹੋ ਫਰਕ
ਪਹਿਲੀ ਬਾਹਰ ਨੂੰ ਚਾਨਣ ਵੰਡਦੀ
ਦੂਸਰੀ ਅੰਦਰ ਨੂੰ ਰੱਖੇ ਰੌਸ਼ਨ।

ਪਾਠਕ ਤੇ ਕਿਤਾਬਾਂ

ਕੁਝ ਕਿਤਾਬਾਂ
ਪੜ੍ਹਨ ਲਈ ਨਹੀਂ ਹੁੰਦੀਆਂ
ਵਰਕੇ ਉਲਟਾਏ
ਪਾਸੇ ਰੱਖ ਦਿੱਤਾ
ਤੇ ਭੁੱਲ ਗਿਆ ਪਾਠਕ
ਕੁਝ ਕਿਤਾਬਾਂ 'ਤੇ
ਸਰਸਰੀ ਨਿਗਾਹ ਮਾਰ
ਵਿਚਾਲੇ ਛੱਡ ਦਿੰਦਾ ਪਾਠਕ
ਤੇ ਭੁੱਲ ਜਾਂਦਾ
ਕੁਝ ਕਿਤਾਬਾਂ
ਪੜ੍ਹਨ ਲਈ ਹੁੰਦੀਆਂ
ਜ਼ਿਹਨ ਵਿੱਚ ਉਤਰਦਾ
ਅੱਖਰ ਅੱਖਰ
ਸ਼ਬਦ ਸ਼ਬਦ
ਦਿਲ ਦੇ ਘਰ ਵਿੱਚ
ਹਮੇਸ਼ਾ ਮਹਿਫੂਜ਼ ਰਹਿੰਦੀਆਂ
ਪਰ ਕੁਝ ਕਿਤਾਬਾਂ
ਖੌਰੇ ਕਿੱਥੋਂ ਉਤਰਦੀਆਂ
ਹਮ੍ਹੇਂ ਨਾਲ ਨਾਲ ਤੁਰਦੀਆਂ
ਸੁਰੱਖਿਅਤ ਰਹਿੰਦੀਆਂ
ਜਦੋਂ ਖਿਆਲ ਆਉਂਦਾ
ਜਾਂ ਉਖੜਦੀ ਨੀਂਦ
ਤਾਂ ਪਾਠਕ ਸਿਰਹਾਣੇ ਪਈ ਕਿਤਾਬ
ਮੁੜ ਉਠਾਉਂਦਾ ਤੇ ਚੁੰਮਦਾ
ਆਦਿ ਤੋਂ ਅੰਤ ਤੱਕ
ਮੁੜ ਪੜ੍ਹਦਾ ਉਹ ਕਿਤਾਬ
ਇਵੇਂ ਹੀ ਤਾਂ ਬਣਿਆ ਰਹਿੰਦਾ ਹੈ
ਕਵੀ ਤੇ ਪਾਠਕ ਦਾ ਸਬੰਧ
ਪਾਠਕ ਤੇ ਸਾਹਿਤਕਾਰ ਦਾ ਰਿਸ਼ਤਾ

ਦਮੜਿਆਂ ਤੇ ਕੁਰਸੀਆਂ ਖਾਤਰ

ਸੋਨਾ ਭਾਰਾ ਲੱਗਦਾ ਹੈ, ਬੰਦਾ ਸਸਤਾ ਲੱਗਦਾ ਹੈ
ਸੌਦਾ ਵੇਚਣ ਖਾਤਰ ਨਾਨਕ, ਬੰਦਾ ਗਿਰਿਆ ਲੱਗਦਾ ਹੈ
ਰੂਹ ਦੀ ਫਿਕਰ ਹੈ ਕਿਸਨੂੰ, ਜਿਸਮਾਂ ਦੀ ਮੌਜ ਹੈ ਬੱਸ
ਅਜੋਕੇ ਰਾਮ ਦਾ ਚਿਹਰਾ, ਕਿੰਨਾ ਬਦਲਿਆ ਲੱਗਦਾ ਹੈ
ਖਰੇ ਤੇ ਖੋਟੇ ਦੀ ਪਹਿਚਾਣ, ਹੁਣ ਤਾਂ ਏਨੀ ਕੁ ਬੱਸ
ਦਮੜਿਆਂ ਤੇ ਕੁਰਸੀਆਂ ਖਾਤਰ, ਸੱਜਣ ਵਿਕਿਆ ਲੱਗਦਾ ਹੈ
ਇੱਟਾਂ ਨੂੰ ਟੇਕਦਾ ਫਿਰੇ ਮੱਥਾ, ਬੰਦਾ ਭਟਕਿਆ ਲੱਗਦਾ ਹੈ
ਹਰ ਗਲੀ ਮੋੜ 'ਤੇ ਯਾਰੋ, ਬਾਜ਼ਾਰ ਸਜਿਆ ਲੱਗਦਾ ਹੈ
ਬਦਲੇ ਮੌਸਮ ਨਾਲ ਜੋ ਰੰਗ, ਬੰਦਾ ਉਹ ਸ਼ਾਤਰ ਲੱਗਦਾ ਹੈ
ਰਾਹਾਂ ਵਿੱਚ ਮੇਖਾਂ ਤੇ ਰੋਕਾਂ, ਹਾਕਮ ਕਿੰਨਾ ਡਰਿਆ ਲੱਗਦਾ ਹੈ

ਕਵਿਤਾ ਦੇ ਪੈਰਾਂ ਵਿਚ ਕਵੀ

ਮਰ ਚੁੱਕਾ ਸੀ ਕਵੀ—
ਮੁੜ ਜੀਵਤ ਹੋਇਆ ਹੈ
ਹੁਣ ਤੋੜੇਗਾ ਕੋਈ ਤਾਜ਼ਾ ਗੁਲਾਬ
ਖਿੜ੍ਹ ਜਾਵੇਗਾ ਉਸ ਦਾ ਮੁਰਝਾਇਆ ਚਿਹਰਾ
ਗੋਦ ਵਿਚ ਖੇਡੇਗਾ ਆ ਕੇ ਉਸ ਦੀ
ਇੱਕ ਨੰਨ੍ਹਾ ਬੱਚਾ—
ਪਹਿਲਾਂ ਰੋਵੇਗਾ ਤੇ ਫਿਰ ਹੱਸੇਗਾ
ਕਵੀ ਤੋਂ ਗੁਲਾਬ ਦੀ ਮੰਗ ਕਰੇਗਾ
ਉਸ ਦੇ ਕੰਨਾਂ ਵਿਚ
ਤੋਤਲੀ ਆਵਾਜ਼ ਨਾਲ ਕੁਝ ਬੋਲੇਗਾ
ਕਵੀ ਮੁਸਕਰਾਏਗਾ
ਬੱਚੇ ਨੂੰ ਸਹਿਲਾਏਗਾ
ਬੱਚਾ ਭੁੱਲ ਜਾਵੇਗਾ ਆਪਣੀ ਗੁਲਾਬ ਦੀ ਮੰਗ
ਚੂੰਕਿ ਉਹ ਖੁਦ ਗੁਲਾਬ ਹੋ ਜਾਵੇਗਾ
ਕਵੀ ਦਾ ਨਾਮ ਆਪਣੀ
ਤੋਤਲੀ ਜ਼ੁਬਾਨ ਵਿਚ ਪੁਕਾਰੇਗਾ
"ਹੇ ਕਵੀ ਤੂੰ ਹਮੇਸ਼ਾ ਮੇਰੇ ਅੰਗ ਸੰਗ ਰਹੀਂ
ਜਾਹ ਮੈਂ ਤੈਨੂੰ ਕਵਿਤਾ ਦਾ
ਵਰਦਾਨ ਦਿੰਦਾ ਹਾਂ—

ਫਕੀਰਾਂ ਵਿਹੜੇ ਧੂਣੀ

ਫਕੀਰੀਆ ਕੋਲ ਕਿਹੜੀ ਜ਼ਮੀਨ?
ਬਾਵਜੂਦ ਇਸਦੇ ਕੇਰਦਾ ਰਿਹਾ ਉਹ
ਅਵਾਮ ਦੇ ਦਿਲਾਂ ਵਿਚ ਬੀਜ
ਖੇਤੀ ਕੀਤੀ
ਕਰੂੰਬਲਾਂ ਫੁੱਟੀਆਂ
ਦਿਮਾਗ ਦੀ ਬੰਜਰ ਵੀ
ਜ਼ਰਖੇਜ਼ ਹੋ ਉਠੀ
ਸਾਰਾ ਪਾਣੀ
ਸਾਰਾ ਸਮੁੰਦਰ
ਸਾਰੇ ਪਹਾੜ ਕੀ
ਸਾਰੀ ਧਰਤ
ਉਸ ਦੇ ਨਾਉਂ ਕਰੋ
ਸਮੇਤ ਇੰਤਕਾਲ
ਦੇਸੀ-ਵਿਦੇਸ਼ੀ ਸਾਰੇ ਇਕਰਾਰਨਾਮੇ
ਹੋਣ ਰੱਦੀ ਹਵਾਲੇ
ਫਕੀਰੀਆ ਦੀ ਧੂਣੀ 'ਤੇ ਜੁੜਨ
ਫਕੀਰਾਂ-ਦਿਲਗੀਰਾਂ ਦੇ ਮੇਲੇ।

ਚਿੱਤਰਕਾਰ ਸ਼ੀਤਲ ਸਿੰਘ ਪੂੰਨੀ

ਕੈਨੇਡਾ ਡਾਇਰੀ-7

ਭਗਵੰਤ ਰਸੂਲਪੁਰੀ

ਬਿਖਰੇ ਪੈਂਡਿਆਂ ਦਾ ਸਫਰ ਤੈਅ ਕਰਦਾ ਹੋਇਆ ਸ਼ੀਤਲ ਤਕਰੀਬਨ 28 ਕੁ ਸਾਲ ਪਹਿਲਾਂ ਕੈਨੇਡਾ ਪਰਵਾਸ ਕਰ ਗਿਆ ਸੀ। ਜੀਵਨ ਸਾਥਣ ਅੰਮ੍ਰਿਤਾ ਦੇ ਸਾਥ ਨਾਲ ਉਹ ਅੱਖੇ ਪੈਂਡੇ ਸਰ ਕਰਦਾ ਹੋਇਆ ਅੱਜ ਟੀਸੀ ਦਾ ਬੇਰ ਬਣ ਗਿਆ ਹੈ। ਰੰਗਾਂ ਨਾਲ ਸਾਂਝ ਉਹਦੀ ਅੱਜ ਤੱਕ ਕਾਇਮ ਹੈ। ਕਾਲਜ ਦੇ ਦਿਨਾਂ 'ਚ ਅਸੀਂ ਇਕੱਠੇ ਵਿਚਰੇ ਹਾਂ। ਕਮਲਜੀਤ ਬਿੰਦ ਸਾਡੀਆਂ ਕਿਤਾਬਾਂ ਛਾਪਦਾ ਤੇ ਸ਼ੀਤਲ ਉਹਨਾਂ ਦੇ ਟਾਈਟਲ ਬਣਾਉਂਦਾ। 1992 'ਚ ਛਪੀ ਸਾਡੀ ਪਹਿਲੀ ਕਿਤਾਬ 'ਚਾਨਣ ਦੀ ਲੀਕ' ਦਾ ਟਾਇਟਲ ਸ਼ੀਤਲ ਨੇ ਤਿਆਰ ਕੀਤਾ ਸੀ। ਕੁਝ ਚਿਰ 'ਅੱਜ ਦੀ ਆਵਾਜ਼' 'ਚ ਚਿੱਤਰਕਾਰੀ ਕਰਦਾ ਰਿਹਾ ਤੇ ਐੱਮ ਫਿਲ ਕਰਕੇ ਦੁਆਬਾ ਕਾਲਜ 'ਚ ਪੜ੍ਹਾਉਣ ਲੱਗ ਪਿਆ। ਉੱਥੇ ਵਿਚਰਦਿਆਂ ਜਦੋਂ ਉਹਨੂੰ ਪਤਾ ਲੱਗਾ ਕਿ ਕਾਲਜ 'ਚ ਪੱਕੇ ਹੋਣ ਲਈ ਜੋੜ-ਤੋੜ ਤੇ ਸਿਫਾਰਸ਼ ਦੀ ਲੋੜ ਹੈ ਤਾਂ ਉਹਦਾ ਮੋਹ ਭੰਗ ਹੋ ਗਿਆ। ਉਦੋਂ ਹੀ ਉਹ ਅੱਖੇ ਪੈਂਡੇ ਸਰ ਕਰਦਾ ਹੋਇਆ ਕੈਨੇਡਾ ਪਹੁੰਚ ਗਿਆ। ਉਹ ਕਹਿੰਦਾ ਹੈ ਕਿ 'ਕੈਨੇਡਾ 'ਚ ਜ਼ਿੰਦਗੀ ਜਿਊਣ ਦਾ ਸਫਰ ਜ਼ੀਰੋ ਤੋਂ ਸ਼ੁਰੂ ਕੀਤਾ ਤੇ ਅੱਜ ਮੇਰੇ ਕੋਲ ਜਿਊਣ ਲਈ ਹਰ ਚੀਜ਼ ਹੈ।' ਪਰ ਉਸ ਨੇ ਰੰਗਾਂ ਨਾਲ ਆਪਣੀ ਸਾਂਝ ਕਾਇਮ ਰੱਖੀ ਹੈ। ਸ਼ੀਤਲ-ਅੰਮ੍ਰਿਤਾ ਤੇ ਉਹਨਾਂ ਦੇ ਦੋ ਬੱਚੇ ਨਵਤੇਜ-ਗੁਰਲੀਨ ਰਲ ਕੇ ਇੱਕ ਫਾਰਮ ਹਾਊਸ, ਫੈਕਟਰੀ ਤੇ ਕੁਝ ਹੋਰ ਬਿਜ਼ਨੈੱਸ ਚਲਾਉਂਦੇ ਹਨ।

ਜਦੋਂ ਕੈਨੇਡਾ 'ਚ ਬਰਫ ਡਿੱਗਣ ਲੱਗ ਪੈਂਦੀ ਹੈ ਤੇ ਬਹੁਤੇ ਲੋਕ ਘਰਾਂ 'ਚ ਕੈਦ ਹੋ ਜਾਂਦੇ ਹਨ, ਉਸ ਵੇਲੇ ਸ਼ੀਤਲ ਅੰਦਰ ਬੈਠਾ ਚਿੱਤਰਕਾਰ ਅੰਗੜਾਈ ਲੈਣ ਲੱਗ ਪੈਂਦਾ ਹੈ। ਉਦੋਂ ਉਹ ਰੰਗਾਂ ਨਾਲ ਸਾਂਝ ਪਾ ਲੈਂਦਾ ਹੈ। ਉਹਦੀ ਕਲਪਨਾ ਵਿੱਚ ਰੰਗ ਘੁਲਣ ਲੱਗ ਪੈਂਦੇ ਹਨ। ਜ਼ਿਹਨ 'ਚ ਪੇਂਟਿੰਗ ਅੰਗੜਾਈ ਲੈਣ ਲੱਗ ਪੈਂਦੀ ਹੈ। ਆਪਣੇ ਆਰਟ ਕਮਰੇ 'ਚ ਜਾ ਕੇ ਘੰਟਿਆਂਬੱਧੀ ਕੈਨਵਸ ਅੱਗੇ ਬੈਠਾ ਰੰਗਾਂ ਨਾਲ ਸਾਂਝ ਪਾ ਕੇ ਗੱਲਾਂ ਕਰਨ ਲੱਗ ਪੈਂਦਾ ਹੈ ਤੇ ਸਾਫ ਦੁੱਧ ਚਿੱਟੀ ਕੈਨਵਸ 'ਚੋਂ ਰੰਗਾਂ 'ਚ ਘੁਲੇ ਚਿਹਰੇ ਸਾਕਾਰ ਹੋਣ ਲੱਗ ਪੈਂਦੇ ਹਨ। ਉਹਦੇ ਕੋਲ ਰੰਗਾਂ ਦੀ ਬਰੀਕ ਸਮਝ ਹੈ। ਕੈਨਵਸ 'ਤੇ ਭਾਵੇਂ ਉਹ ਪ੍ਰਕਿਰਤੀ ਚਿੱਤਰ ਰਿਹਾ ਹੋਵੇ ਤੇ ਚਾਹੇ ਕੋਈ ਹੁਸੀਨ ਚਿਹਰਾ, ਉਹਨੂੰ ਸਮਝ ਹੈ ਕਿ ਕਿਸ ਰੰਗ ਦਾ ਟੱਚ ਕਿੰਨਾ ਤੇ ਕਿਵੇਂ ਦੇਣਾ ਹੈ। ਸ਼ੀਤਲ ਦੇ 'ਮੈ-ਖਾਨੇ' 'ਚ ਸ਼ਿਵ ਕੁਮਾਰ ਬਟਾਲਵੀ ਦੀ ਪੇਂਟਿੰਗ ਟੰਗੀ ਹੋਈ ਹੈ। ਉਸ ਪੇਂਟਿੰਗ 'ਚ ਸ਼ੀਤਲ ਨੇ ਸ਼ਿਵ ਦੀ ਸਿਰਜਣਕਾਰੀ, ਸ਼ਰਾਬ ਤੇ ਸ਼ਬਾਬ ਨਾਲ ਭਰੀ ਜ਼ਿੰਦਗੀ ਨੂੰ ਚਿਤਰਿਆ ਹੈ। ਇਸ ਪੇਂਟਿੰਗ ਵਿੱਚ ਉਸ ਨੇ ਸ਼ਿਵ ਦੀ ਸਮੁੱਚੀ ਸ਼ਖਸੀਅਤ ਨੂੰ ਚਿਤਰਿਆ ਹੈ। ਆਪਣੀ ਪੇਂਟਿੰਗ ਦੇ ਸੁਭਾਅ ਬਾਰੇ ਉਹ ਕਹਿੰਦਾ ਹੈ, 'ਮੈਂ ਯਥਾਰਥਵਾਦੀ ਪੇਂਟਿੰਗ ਦਾ ਧਾਰਨੀ ਹਾਂ। ਪੇਂਟਿੰਗ 'ਚ ਚਾਹੇ ਮਨੁੱਖੀ ਚਿਹਰੇ ਹੋਣ ਜਾਂ ਪਸ਼ੂ-ਪੰਛੀ ਜਾਂ ਕੋਈ ਕੁਦਰਤੀ ਦ੍ਰਿਸ਼, ਮੈਂ ਬੜੀ ਰੀਝ ਨਾਲ ਚਿੱਤਰਣ ਦਾ ਧਾਰਨੀ ਹਾਂ। ਮੈਂ ਸਮਝਦਾ ਹਾਂ ਆਰਟ ਉਹੀ ਹੁੰਦਾ ਹੈ। ਜੋ ਨੰਗੀ ਅੱਖ ਨਾਲ ਵੀ ਨਹੀਂ ਦਿਸਦਾ ਤੇ ਫੋਟੋ 'ਚ ਵੀ ਪਕੜ 'ਚ ਨਹੀਂ ਆਉਂਦਾ, ਪਰ ਇੱਕ ਹੰਢਿਆ ਹੋਇਆ ਚਿੱਤਰਕਾਰ ਰੰਗਾਂ ਨਾਲ ਉਸ ਦੇ ਬਾਰੀਕ ਵੇਰਵੇ ਚਿੱਤਰ ਦਿੰਦਾ ਹੈ। ਉਹ ਵੀ ਚਿੱਤਰਕਾਰ ਹੁੰਦਾ ਹੈ ਤੇ ਮੇਰੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਮਨੁੱਖੀ ਚਿਹਰੇ ਦੇ ਉਹ ਵੇਰਵੇ ਮੈਂ ਆਪਣੀ ਪੇਂਟਿੰਗ 'ਚ ਚਿੱਤਰ ਸਕਾਂ।'

ਜਦੋਂ ਮੈਂ ਉਸ ਦੇ ਘਰ ਦੀਆਂ ਦੀਵਾਰਾਂ 'ਤੇ ਲੱਗੀਆਂ ਪੇਂਟਿੰਗਜ਼ ਵੇਖਦਾ ਹਾਂ ਤਾਂ ਮੇਰੀ ਨਜ਼ਰ ਇੱਕ ਬੁੱਢੀ ਪਹਾੜਨ ਦੀ ਪੇਂਟਿੰਗ 'ਤੇ ਆ ਕੇ ਰੁਕ ਜਾਂਦੀ ਹੈ। ਸ਼ੀਤਲ ਨੇ ਰੰਗਾਂ ਨਾਲ ਉਹਦੇ ਚਿਹਰੇ 'ਤੇ ਪਈਆਂ ਝੁਰੜੀਆਂ ਨੂੰ ਜਿੰਨੀ ਬਾਰੀਕੀ ਨਾਲ ਚਿਤਰਿਆ ਹੈ, ਉਹਦੀ ਦਾਦ ਦੇਣੀ ਬਣਦੀ ਹੈ। ਫਿਰ ਮੇਰੀ ਨਜ਼ਰ ਮਸਤ ਹਾਥੀ ਦੀ ਬਣਾਈ ਪੇਂਟਿੰਗ 'ਤੇ ਆ ਟਿਕਦੀ ਹੈ। ਹਾਥੀ ਦੀ ਚਮੜੀ ਦੇ ਵਾਲ, ਰੋਮ ਤੇ ਝੁਰੜੀਆਂ, ਵਟ ਬਹੁਤ ਬਾਰੀਕੀ ਨਾਲ ਚਿੱਤਰੇ ਹਨ। ਇੱਕ ਪੇਂਟਿੰਗ 'ਚ ਸ਼ੀਤਲ ਨੇ ਸ਼ੋਭਾ ਸਿੰਘ ਦੀ ਬਣਾਈ 'ਸੋਹਣੀ-ਮਹੀਂਵਾਲ' ਦੀ ਪੇਂਟਿੰਗ ਦੀ ਪੂਰਨ ਸਿਰਜਣਾ ਕੀਤੀ ਹੈ। ਪ੍ਰਾਕਿਰਤੀ ਨੂੰ ਚਿੱਤਰਨ ਵਾਲੀਆਂ ਪੇਂਟਿੰਗਜ਼ 'ਚ ਮੈਂ ਅਨੇਕਾਂ ਰੰਗ-ਬਰੰਗੀਆਂ ਚਿੜੀਆਂ ਨੂੰ ਫੁਦਕਦੀਆਂ ਵੇਖਦਾ ਹਾਂ। ਤਾਂ ਮੈਂ ਕੁਦਰਤ ਦੀ ਗੋਦ 'ਚ ਉੱਤਰ ਜਾਂਦਾ ਹਾਂ। ਮੈਨੂੰ ਪੇਂਟਿੰਗ 'ਚ ਬੈਠੀਆਂ ਚਿੜੀਆਂ ਦਾ ਸੰਗੀਤ ਵਿਖਾਈ ਤੇ ਸੁਣਾਈ ਦਿੰਦਾ ਹੈ। ਉਹੀ ਉਸ ਦੀਆਂ ਬਣਾਈਆਂ ਪੇਂਟਿੰਗਜ਼ ਦੀ ਪ੍ਰਾਪਤੀ ਹੈ। ਸ਼ੀਤਲ ਕਹਿੰਦਾ, 'ਇੱਕ ਚੰਗੀ ਪੇਂਟਿੰਗ ਤੁਹਾਡੇ ਕੋਲੋਂ ਘੰਟਿਆਂਬੱਧੀ ਸਮੇਂ ਦੀ ਮੰਗ ਕਰਦੀ ਹੈ, ਤਾਂ ਹੀ ਤੁਸੀਂ ਪੂਰੀ ਇਕਾਗਰਤਾ ਨਾਲ ਪੇਂਟਿੰਗ 'ਤੇ ਕੰਮ ਕਰ ਸਕਦੇ ਹੋ। ਅਜਿਹਾ ਸਮਾਂ ਮੈਨੂੰ ਉਦੋਂ ਮਿਲਦਾ ਹੈ, ਜਦੋਂ ਸਾਡੇ ਆਲੇ-ਦੁਆਲੇ ਬਰਫ ਡਿੱਗਣ ਲੱਗਦੀ ਹੈ ਤੇ ਮੈਂ ਰੰਗਾਂ ਨਾਲ ਆਪਣੇ ਅਵਚੇਤਨ ਨੂੰ ਗਰਮ ਕਰਨ ਲੱਗ ਪੈਂਦਾ ਹਾਂ। ਰੰਗ ਮੈਨੂੰ ਆਤਮਸਾਤ ਕਰ ਲੈਂਦੇ ਹਨ ਤੇ ਮੇਰੇ ਅਵਚੇਤਨ 'ਚ ਇੱਕ ਨਵੀਂ ਪੇਂਟਿੰਗ ਅੰਗੜਾਈ ਲੈਣ ਲੱਗ ਪੈਂਦੀ ਹੈ।' ਮੈਂ ਤੇ ਸ਼ੀਤਲ ਸਿੰਘ ਪੂੰਨੀ ਗੱਲਾਂ ਕਰਦੇ-ਕਰਦੇ ਅਤੀਤ 'ਚ ਉੱਤਰ ਜਾਂਦੇ ਹਾਂ। ਸਾਡੀਆਂ ਗੱਲਾਂ 'ਚ ਗੂੜ੍ਹੇ ਲਾਲ ਰੰਗ ਨੇ, ਨੀਲੇ, ਗੇਰੂਏ ਤੇ ਅਸਮਾਨੀ ਰੰਗ ਨੇ, ਕਿਤੇ-ਕਿਤੇ ਫਿੱਕੇ ਉਦਾਸ ਰੰਗ ਵੀ ਘੁਲ ਜਾਂਦੇ ਹਨ।

ਮਿੰਨੀ ਰਚਨਾ

ਜਿਸਮਾਂ ਦੀ ਰਾਖ

ਅਜ਼ਾਦੀ ਦੇ ਦਿਨ 'ਤੇ ਭ੍ਰਿਸ਼ਟਾਚਾਰੀ, ਬੇਰੁਜ਼ਗਾਰੀ, ਬੇਈਮਾਨੀ, ਨਾਬਰਾਬਰੀ, ਜਾਤੀ ਨਫਰਤ, ਬਦਅਮਨੀ ਅਤੇ ਬਲਾਤਕਾਰੀਆਂ ਦੀ ਦਲਦਲ ਵਿੱਚ ਫਸੀ ਸਰਕਾਰ ਦਾ ਪ੍ਰਧਾਨ ਮੰਤਰੀ ਬੜੇ ਫਕਰ ਨਾਲ ਲੱਛੇਦਾਰ ਭਾਸ਼ਣ ਝਾੜ ਰਿਹਾ ਸੀ, 'ਅੱਜ ਮੇਰਾ ਦੇਸ਼ ਹਰ ਖੇਤਰ ਵਿੱਚ ਤਰੱਕੀ ਕਰ ਰਿਹਾ ਹੈ, ਸਾਡੀ ਸਰਕਾਰ ਆਉਣ ਨਾਲ ਫਿਰ ਤੋਂ ਦੇਸ਼ ਸੋਨੇ ਦੀ ਚਿੜੀ ਬਣ ਚੁੱਕਾ ਹੈ, ਜਿਸ ਕਰਕੇ ਹੁਣ ਮੇਰੇ ਦੇਸ਼ ਦਾ ਨਾਂਅ ਦੁਨੀਆ ਦੇ ਬਿਹਤਰੀਨ ਦੇਸ਼ਾਂ ਵਿੱਚ ਗਿਣਿਆ ਜਾਣ ਲੱਗ

17-Sep-Sunday.qxd 9/16/2023 10:19 PM Page 2

ਜ਼ੀਵਨ ਜ਼ਾਚ

ਪ੍ਰੋ. ਅਵਤਾਰ ਸਿੰਘ

ਜੀਵਨ ਦਾ ਸੰਪਾਦਨ

ਅਸੀਂ ਜੀਂਦੇ ਜੀ ਬੜਾ ਕੁਝ ਸੋਚਦੇ ਹਾਂ ਤੇ ਕਰਨਾ ਵੀ ਲੋਚਦੇ ਹਾਂ, ਪਰ ਉਮਰ ਭਰ ਕੁਝ ਵੀ ਪੂਰਾ ਨਹੀਂ ਹੁੰਦਾ। ਕਈ ਵਾਰੀ ਤਾਂ ਇੱਦਾਂ ਲਗਦਾ ਹੈ, ਜਿਵੇਂ ਜੀਵਨ ਦਾ ਕੋਰਾ ਕਾਗਜ਼ ਕੋਰਾ ਹੀ ਰਹਿ ਗਿਆ ਹੋਵੇ ਤੇ ਕਦੇ-ਕਦੇ ਇੱਦਾਂ ਲਗਦਾ, ਜਿਵੇਂ ਇਸ ਕੋਰੇ ਕਾਗਜ਼ 'ਤੇ ਐਵੇਂ ਊਲ-ਜਲੂਲ ਹੀ ਝਰੀਟਿਆ ਗਿਆ ਹੋਵੇ, ਜਿਹੜਾ ਨਾ ਆਪ ਨੂੰ ਸਮਝ ਆਉਂਦਾ ਹੈ ਤੇ ਨਾ ਕਿਸੇ ਹੋਰ ਦੇ ਪੱਲੇ ਪੈਂਦਾ ਹੋਵੇ। ਇੱਦਾਂ ਵੀ ਲਗਦਾ ਹੈ, ਜਿਵੇਂ ਜਾਂ ਅਸੀਂ ਬੜਾ ਕੁਝ ਬੋਲੋੜਾ ਹੀ ਜੀ ਲੈਂਦੇ ਹਾਂ ਤੇ ਜਾਂ ਕੁਝ ਅਧੂਰਾ ਰਹਿ ਜਾਂਦਾ ਹੈ। ਕਹਿੰਦੇ ਹਨ ਫਕੀਰ ਸਰਮਦ ਕਦੇ ਆਪਣਾ ਸਰੀਰ ਨਹੀਂ ਸੀ ਕੱਜਦਾ ਤੇ ਨਾ ਕਦੇ ਕਲਮਾ ਪੂਰਾ ਪੜ੍ਹਦਾ ਸੀ। ਬਸ, 'ਲਾ ਇਲਾ ਇਲ ਇਲਾਹ' ਕਹਿੰਦਾ ਸੀ, 'ਮੁਹੰਮਦ ਰਸੂਲ ਅਲਾਹ' ਨਹੀਂ ਸੀ ਕਹਿੰਦਾ। ਆਪਣੇ ਆਪ ਨੂੰ ਪੂਰੇ ਮੁਸਲਮਾਨ ਸਮਝਣ ਵਾਲੇ ਸੋਚਦੇ ਸਨ ਕਿ ਜਿਹੜਾ ਬੰਦਾ ਇਸਲਾਮ ਦੇ ਮੁਢਲੇ ਆਦੇਸ਼ ਦਾ ਹੀ ਪੂਰਾ ਪਾਲਣ ਨਹੀਂ ਕਰਦਾ, ਅਗਲਿਆਂ ਦਾ ਕੀ ਕਰਦਾ ਹੋਵੇਗਾ। ਇਸਲਾਮ ਦਾ ਪਹਿਲਾ ਆਦੇਸ਼ ਕਲਮਾ ਹੈ, ਜਿਸ ਦਾ ਅਰਥ ਹੈ ਕਿ ਅੱਲਾ ਦੇ ਸਿਵਾ ਕੋਈ ਹੋਰ ਅਲਾਹ ਨਹੀਂ। ਇਸ ਤੋਂ ਭੁਲੇਖਾ ਪੈਦਾ ਹੋ ਸਕਦਾ ਹੈ ਕਿ ਅਜਿਹਾ ਨਾ ਸਮਝ ਲਿਆ ਜਾਵੇ ਕਿ ਹਜ਼ਰਤ ਮੁਹੰਮਦ ਬਾਰੇ ਅਲਾਹ ਹੋਣ ਦੀ ਗੱਲ ਕਹੀ ਗਈ ਹੈ। ਇਸ ਕਰਕੇ ਕਲਮੇ ਦੇ ਦੂਜੇ ਹਿੱਸੇ ਵਿਚ ਦੱਸਿਆ ਗਿਆ ਕਿ 'ਮੁਹੰਮਦ ਰਸੂਲ ਅਲਾਹ', ਜਿਸ ਦਾ ਅਰਥ ਹੈ ਕਿ ਮੁਹੰਮਦ ਅਲਾਹ ਨਹੀਂ, ਬਲਕਿ ਅਲਾਹ ਦਾ ਭੇਜਿਆ ਹੋਇਆ ਡਾਕੀਆ ਹੈ, ਜੋ ਅਲਾਹ ਦਾ ਸੁਨੇਹਾ ਸਾਡੇ ਤੱਕ ਲੈ ਕੇ ਆਉਂਦਾ ਤੇ ਸਾਨੂੰ ਸੁਣਾਉਂਦਾ ਹੈ। ਇਸੇ ਨੂੰ ਰਸੂਲ ਅਤੇ ਨਬੀ ਕਿਹਾ ਜਾਂਦਾ ਹੈ। ਨਬੀ ਦਾ ਅਰਥ ਹੈ ਮਹਾਨ ਬੰਦਾ ਤੇ ਰਸੂਲ ਦਾ ਅਰਥ ਹੈ ਰਸਾਲੇ ਵਾਲਾ। ਅੱਲਾ ਦੀ ਨਜ਼ਰ ਵਿਚ ਨਬੀ ਮਹਾਨ ਵਿਅਕਤੀ ਹੁੰਦਾ ਹੈ, ਪਰ ਉਸ ਨੂੰ ਰਸਾਲਾ ਦੇ ਕੇ ਨਹੀਂ ਭੇਜਦਾ। ਰਸੂਲ ਮਹਾਨ ਵੀ ਹੁੰਦਾ ਹੈ ਤੇ ਅੱਲਾ ਉਸ ਨੂੰ ਰਸਾਲਾ ਦੇ ਕੇ ਭੇਜਦਾ ਹੈ। ਰਸਾਲਾ ਨਿੱਕੀ ਕਿਤਾਬ ਨੂੰ ਕਹਿੰਦੇ ਹਨ। ਕੁਰਾਨ ਉਨ੍ਹਾਂ ਰਸਾਲਿਆਂ ਦਾ ਹੀ ਸੰਗ੍ਰਹਿ ਹੈ, ਜਿਹੜੀਆਂ ਹਜ਼ਰਤ ਮੁਹੰਮਦ ਅੱਲਾ ਤੋਂ ਮਨੁੱਖ ਲਈ ਲੈ ਕੇ ਆਏ ਸਨ। ਰਸੂਲ ਨੂੰ ਫਾਰਸੀ ਵਿਚ ਪੈਗੰਬਰ ਕਹਿੰਦੇ ਹਨ, ਜਿਸ ਦਾ ਅਰਥ ਹੈ ਪੈਗਾਮ ਲਿਆਉਣ ਵਾਲਾ। ਪੈਗਾਮ ਤੇ ਰਸਾਲਾ ਇਕ ਹੀ ਗੱਲ ਹੈ। ਸਾਮੀ ਧਰਮ ਪਰੰਪਰਾ ਵਿਚ ਨਬੀ ਹਜ਼ਾਰਾਂ ਦੀ ਗਿਣਤੀ ਵਿਚ ਹੋਏ ਹਨ ਤੇ ਰਸੂਲ ਸਿਰਫ ਚਾਰ-ਪੰਜ ਹੀ ਹੋਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਨੂੰ 'ਮਹਲਾ' ਕਿਹਾ ਗਿਆ ਹੈ। ਇਹ ਵੀ ਅਰਬੀ ਦਾ ਸ਼ਬਦ ਹੈ, ਜੋ ਹਲੂਲ ਤੋਂ ਬਣਿਆ ਹੈ। ਹਲੂਲ ਦਾ ਅਰਥ ਹੈ ਉਤਰਨਾ ਤੇ ਮਹੱਲੇ ਦਾ ਅਰਥ ਹੋਇਆ ਉਤਰਨ ਦੀ ਥਾਂ। ਜਿਵੇਂ ਸਜਦੇ ਦਾ ਅਰਥ ਮੱਥਾ ਟੇਕਣਾ ਹੈ ਤੇ ਮਸਜਿਦ ਦਾ ਅਰਥ ਮੱਥਾ ਟੇਕਣ ਦੀ ਥਾਂ ਹੈ। ਗੁਰੂ ਨਾਨਕ ਪਾਤਸ਼ਾਹ ਬਾਣੀ ਉਤਰਨ ਦੀ ਪਹਿਲੀ ਥਾਂ ਹੈ ਤੇ ਗੁਰੂ ਤੇਗ ਬਹਾਦਰ ਨੌਵੀਂ। ਇਸੇ ਕਰਕੇ ਮਹਲਾ ਪਹਿਲਾ ਤੇ ਮਹਲਾ ਨੌਵਾਂ ਲਿਖਿਆ ਗਿਆ। ਛੇਵੇ, ਸੱਤਵੇਂ ਤੇ ਅੱਠਵੇਂ ਪਾਤਸਾਹ 'ਤੇ ਬੇਸ਼ੱਕ ਬਾਣੀ ਦਾ ਉਤਾਰਾ ਨਹੀਂ ਹੋਇਆ ਤਾਂ ਵੀ ਉਹ ਬਾਣੀ ਉਤਰਨ ਦੀ ਥਾਂ ਅਰਥਾਤ ਮਹਲਾ ਹਨ। ਇਸੇ ਕਰਕੇ ਗੁਰੂ ਤੇਗ ਬਹਾਦਰ ਜੀ ਮਹਲਾ ਨੌਵਾਂ ਹਨ, ਛੇਵਾਂ ਨਹੀਂ। ਕਿੰਨੀ ਦਿਲਚਸਪ ਗੱਲ ਹੈ ਕਿ ਅਵਤਾਰ ਦਾ ਅਰਥ ਵੀ ਹਲੂਲ ਦੀ ਤਰਾਂ ਉਤਰਨਾ ਹੀ ਹੈ। ਸਨਾਤਨ ਮੱਤ ਦੀ ਮਨੌਤ ਹੈ ਕਿ ਪ੍ਰਭੂ ਨੇ ਹੀ ਦਸ ਅਵਤਾਰਾਂ ਦੇ ਰੂਪ ਵਿਚ ਮਨੁੱਖ ਦੇ ਕਲਿਆਣ ਲਈ ਧਰਤੀ 'ਤੇ ਉਤਾਰਾ ਕੀਤਾ ਹੈ। ਦਸ ਅਵਤਾਰਾਂ ਤੇ ਦਸ ਗੁਰੂ ਸਾਹਿਬਾਨ ਵਿਚ ਅਵਤਰਨ ਅਰਥਾਤ ਉਤਰਨ ਦੀ ਸਾਂਝ ਹੈ। ਫਰਕ ਸਿਰਫ ਏਨਾ ਕੁ ਹੈ ਦਸ ਅਵਤਾਰ ਹੂਬਹੂ ਉਤਰੇ ਹਨ ਤੇ ਗੁਰੂ ਸਾਹਿਬਾਨ ਕੋਲ ਬਾਣੀ ਉੱਤਰੀ ਹੈ। ਜੇ ਦੀਰਘ ਵਿਚਾਰ ਕੀਤਾ ਜਾਵੇ ਤਾਂ ਅਸੀਂ ਸਮਝ ਸਕਦੇ ਹਾਂ ਕਿ ਦਸ ਅਵਤਾਰ ਵੀ ਖੁਦ-ਬ-ਖੁਦ ਅਵਤਾਰ ਨਹੀਂ ਹਨ, ਬਲਕਿ ਉਨ੍ਹਾਂ ਦੀ ਰਸਨਾ 'ਤੇ ਪ੍ਰਭੂ ਉਤਰਦੇ ਹਨ ਤੇ ਗੀਤਾ ਦਾ ਉਚਾਰਨ ਹੁੰਦਾ ਹੈ। ਸਨਾਤਨ ਮੱਤ ਵਿਚ ਵੀ ਬਾਣੀ ਦਾ ਹੀ ਉਤਾਰਾ ਹੁੰਦਾ ਹੈ। ਜੇ ਰਤਾ ਖੁੱਲ੍ਹ ਲੈ ਕੇ ਕਹਿਣਾ ਹੋਵੇ ਤਾਂ ਸਾਰੀ ਖੇਡ ਸ਼ਬਦ ਅਤੇ ਦੇਹੀ ਦੀ ਹੈ। ਦੇਹੀ ਜਨਮ ਲੈਂਦੀ ਹੈ ਤੇ ਸ਼ਬਦ ਉਤਰਦੇ ਹਨ। ਸ੍ਰੀ ਕ੍ਰਿਸ਼ਨ ਨੇ ਜਨਮ ਲਿਆ ਹੈ ਤੇ ਗੀਤਾ ਦਾ ਉਨ੍ਹਾ 'ਤੇ ਉਤਾਰਾ ਹੋਇਆ। ਇਸੇ ਤਰ੍ਹਾਂ ਰਿਸ਼ੀਆਂ ਨੇ ਜਨਮ ਲਿਆ ਹੈ ਤੇ ਵੇਦਾਂ ਦਾ ਉਨ੍ਹਾਂ 'ਤੇ ਉਤਾਰਾ ਹੋਇਆ। ਇਸੇ ਲਈ ਗੁਰੂ ਨਾਨਕ ਨੇ ਕਰੜੇ ਲਫਜ਼ਾਂ ਵਿਚ ਕਿਹਾ: ਸੋ ਮੁਖੁ ਜਲਉ ਜਿਤੁ ਕਹਿਹਿ ਠਾਕੁਰ ਜੋਨੀ॥ ਗੁਰੂ ਨਾਨਕ ਨੇ ਉਤਾਰਨ ਨੂੰ ਹੀ ਉਚਾਰਨ ਵਿਚ ਤਬਦੀਲ ਕਰ ਦਿੱਤਾ। ਸ਼ਬਦ ਨੂੰ ਉਤਾਰਨ ਜਾਂ ਉਚਾਰਨ ਲਈ ਦੇਹੀ ਦੀ ਜ਼ਰੂਰਤ ਹੁੰਦੀ ਹੈ। ਗੱਲ ਉਥੇ ਹੀ ਲੈ ਆਵਾਂ ਕਿ ਫਕੀਰ ਅੱਧਾ ਕਲਮਾ ਪੜ੍ਹਦਾ ਸੀ। ਜਦ ਉਸ ਦੀ ਸ਼ਿਕਾਇਤ ਹੋਈ ਤਾਂ ਬਾਦਸ਼ਾਹ ਨੇ ਉਸ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। ਕਹਿੰਦੇ ਹਨ ਮਰਨ ਵੇਲੇ ਸਰਮਦ ਨੇ ਪੂਰਾ ਕਲਮਾ ਪੜ੍ਹ ਦਿੱਤਾ। ਜਲਾਦ ਨੇ ਪੁੱਛਿਆ ਕਿ ਹੁਣ ਮਰਨ ਤੋਂ ਡਰ ਕੇ ਉਸ ਨੇ ਪੂਰਾ ਕਲਮਾ ਪੜ੍ਹਿਆ ਹੈ? ਸਰਮਦ ਕਹਿਣ ਲੱਗਾ, ਨਹੀਂ, ਅਜਿਹੀ ਗੱਲ ਨਹੀਂ। ਅਸਲ ਵਿਚ ਮਨੁੱਖ ਹਮੇਸ਼ਾ ਅਧੂਰਾ ਹੀ ਰਹਿੰਦਾ ਹੈ, ਜਿਸ ਕਰਕੇ ਮੈਂ ਅਧੂਰਾ ਕਲਮਾ ਹੀ ਪੜ੍ਹਦਾ ਰਿਹਾ ਹਾਂ। ਹੁਣ ਪੂਰਾ ਹੋਣ ਲੱਗਾ ਹਾਂ, ਇਸ ਲਈ ਕਲਮਾ ਵੀ ਪੂਰਾ ਪੜ੍ਹ ਚੱਲਿਆ ਹਾਂ। ਸਰਮਦ ਦੀ ਇਸ ਬਰੀਕ ਅਤੇ ਸੂਖਮ ਗੱਲ ਦੇ ਅਰਥ ਭਾਵ ਹਾਲੇ ਸਮਝੇ ਜਾਣੇ ਹਨ। ਮੈਂ ਆਪਣੀ ਗੱਲ ਕਰਨ ਲੱਗਿਆ ਸਾਂ ਕਿ ਮੈਂ ਅੱਜ ਤਕ ਕਿੰਨਾ ਕੁਝ ਸੋਚਦਾ ਤੇ ਲੋਚਦਾ ਰਿਹਾ ਹਾਂ, ਪਰ ਮੈਂ ਅੱਜ ਤੱਕ ਕੁਝ ਵੀ ਮੁਕੰਮਲ ਜਿਹਾ ਸੋਚ ਨਹੀਂ ਸਕਿਆ। ਇਸੇ ਤਰ੍ਹਾਂ ਕਰਨ ਲਈ ਵੀ ਬੜਾ ਕੁਝ ਲੋਚਦਾ ਰਿਹਾ ਹਾਂ, ਪਰ ਮੈਂ ਕਰ ਕੁਝ ਵੀ ਨਹੀਂ ਸਕਿਆ। ਗਾਲਿਬ ਦੀ ਭਾਸ਼ਾ ਵਿਚ ਕਹਿਣਾ ਹੋਵੇ ਤਾਂ 'ਨਾ ਖੁਦਾ ਹੀ ਮਿਲਾ ਨਾ ਵਿਸਾਲਿ ਸਨਮ।' ਮੈਂ ਆਪਣੇ ਜੀਵਨ ਦਾ ਖਿਲਾਰਾ ਵਧਾਉਂਦਾ ਰਿਹਾ ਹਾਂ ਤੇ ਇਸ ਖਿਲਾਰੇ ਨੂੰ ਹੀ ਆਪਣਾ ਪਸਾਰਾ ਸਮਝਦਾ ਰਿਹਾ ਹਾਂ। ਪਿੱਛੇ ਜਿਹੇ ਮੈਨੂੰ ਮਹਿਸੂਸ ਹੋਇਆ ਕਿ ਮੈਨੂੰ ਹਰ ਮੁੱਦੇ 'ਤੇ ਬੋਲਣਾ ਚਾਹੀਦਾ ਹੈ ਤੇ ਆਪਣੀ ਰਾਇ ਦੇਣੀ ਚਾਹੀਦੀ ਹੈ। ਮੈਂ ਸੋਚਦਾ ਸੀ ਕਿ ਗੁਰਮਤਿ ਦੇ ਵੱਡੇ ਵਿਦਵਾਨਾਂ ਨੇ ਦੱਸਿਆ ਹੈ ਕਿ ਗੁਰਮਤਿ ਵਿਚ ਸਹਿਣਸ਼ੀਲਤਾ ਨੂੰ ਪ੍ਰਾਥਮਿਕਤਾ ਦਿੱਤੀ ਗਈ ਹੈ ਤੇ ਇਹ ਗੁਣ ਹਿੰਦੂ ਧਰਮ ਤੇ ਇਸਲਾਮ ਵਿਚ ਨਹੀਂ ਹੈ। ਨਾਲ ਇਹ ਵੀ ਦੱਸਿਆ ਜਾਂਦਾ ਹੈ ਕਿ ਹਿੰਦੂ ਧਰਮ ਤੇ ਇਸਲਾਮ ਏਕੀਕੇਂਦਰਤ ਸਮਾਜ ਦੇ ਹਾਮੀ ਹਨ ਤੇ ਗੁਰਮਤਿ ਬਹੁਕੇਂਦਰੀ ਸਮਾਜ ਦੇ ਹੱਕ ਵਿਚ ਹੈ। ਇਹ ਗੱਲ ਕਿੰਨੀ ਸਹੀ ਹੈ ਜਾਂ ਗਲਤ, ਇਹਦੇ ਬਾਰੇ ਮੈਂ ਬਹੁਤਾ ਕੁਝ ਨਹੀਂ ਕਹਿ ਸਕਦਾ, ਪਰ ਸਿੱਖ ਵਿਦਵਾਨ ਤੇ ਪ੍ਰਚਾਰਕ ਹੁੱਬ-ਹੁੱਬ ਕੇ ਇਹ ਗੱਲ ਕਹਿੰਦੇ ਹਨ। ਇਸੇ ਕਰਕੇ ਮੈਂ ਇਹ ਖੁੱਲ੍ਹ ਇਸਤੇਮਾਲ ਕਰਦਾ ਰਿਹਾ ਹਾਂ ਕਿ ਆਪਣਾ ਹਰ ਵਿਚਾਰ ਪੂਰੀ ਅਜ਼ਾਦੀ ਨਾਲ ਪ੍ਰਗਟ ਕਰਨਾ ਹੈ। ਮੈਂ ਦੇਖਿਆ ਕਿ ਸਿੱਖੀ ਵਿਚ ਬੋਲਣ ਤੇ ਸੋਚਣ ਦੀ ਅਜ਼ਾਦੀ ਦੀ ਗੱਲ ਕਰਨ ਵਾਲੇ ਹੀ ਆਪਣੇ ਤੋਂ ਵੱਖਰੇ ਵਿਚਾਰ ਰੱਖਣ ਵਾਲਿਆਂ ਨੂੰ ਬੋਲਣ ਦੀ ਇਜਾਜ਼ਤ ਨਹੀਂ ਦੇ ਰਹੇ। ਚਲੋ ਏਨਾ ਕਹਿ ਸਕਦੇ ਹਾਂ ਕਿ ਆਪਣੇ ਘਰ ਵਿਚ ਜਿਹੜਾ ਮਰਜ਼ੀ ਜਿਹਨੂੰ ਮਰਜ਼ੀ ਆਉਣ ਦੇਵੇ ਜਾਂ ਨਾ ਆਉਣ ਦੇਵੇ, ਪਰ ਇਨ੍ਹਾਂ ਸੰਸਥਾਵਾਂ ਨੂੰ ਹੀ ਜਦ ਕੋਈ ਆਪਣੀ ਜਾਇਦਾਦ ਮੰਨ ਕੇ ਕਿਸੇ ਨੂੰ ਉੱਥੇ ਆਉਣ ਤੋਂ ਰੋਕੇ ਤਾਂ ਹੈਰਾਨੀ ਹੁੰਦੀ ਹੈ ਕਿ ਇਨ੍ਹਾਂ ਲੋਕਾਂ ਦੇ ਦਿਲ ਹਨ ਜਾਂ ਖਸਖਸ ਦੇ ਦਾਣੇ? ਮੇਰੇ ਕਥਾਵਾਚਕ ਦੋਸਤ ਨੇ ਦੱਸਿਆ ਕਿ ਬਾਹਰਲੇ ਕਿਸੇ ਗੁਰਦੁਆਰੇ ਦੇ ਪ੍ਰਧਾਨ ਨੇ ਉਸ ਨੂੰ ਕਿਹਾ ਕੇ ਉਥੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਪੰਜਾਬ ਦੇ ਕਿਸੇ ਅਧਿਆਪਕ ਦੀ ਦੱਸ ਪਾਵੇ। ਮੇਰੇ ਦੋਸਤ ਨੇ ਝੱਟ ਦੇਣੇ ਮੇਰਾ ਨਾਂਅ ਲੈ ਦਿੱਤਾ। ਉਹਨੇ ਦੱਸਿਆ ਕਿ ਮੇਰਾ ਨਾਂਅ ਸੁਣਦਿਆਂ ਹੀ ਪ੍ਰਧਾਨ ਦੇ ਤੌਰ ਬਦਲ ਗਏ, ਜਿਵੇਂ ਉਸ ਨੇ ਕਿਸੇ ਦਸ ਨੰਬਰੀਏ ਦਾ ਨਾਂਅ ਲੈ ਦਿਤਾ ਹੋਵੇ। ਖਸਖਸ ਦੇ ਦਾਣਿਆਂ ਨਾਲ ਖਚਾਖਚ ਭਰੇ ਹੋਏ ਸਮਾਜ ਵਿਚ ਵਿਚਰਦਿਆਂ ਹੀ ਮੇਰੀ ਉਮਰ ਬੀਤ ਗਈ ਹੈ। ਮੈਂ ਨਹੀਂ ਕਹਿੰਦਾ ਕਿ ਮੈਂ ਸੱਚ ਬੋਲਦਾ ਹਾਂ। ਏਨਾ ਤਾਂ ਮੈਂ ਕਹਿ ਹੀ ਸਕਦਾ ਹਾਂ ਕਿ ਜੋ ਵੀ ਮੈਨੂੰ ਸੱਚ ਲਗਦਾ ਹੈ, ਮੈਂ ਉਹੀ ਬੋਲਦਾ ਤੇ ਲਿਖਦਾ ਹਾਂ। ਜਿਵੇਂ ਮੈਨੂੰ ਜੋ ਵੀ ਸੱਚ ਲਗਦਾ ਹੈ, ਹੋ ਸਕਦਾ ਹੈ ਕਿਸੇ ਹੋਰ ਨੂੰ ਉਹੀ ਝੂਠ ਲਗਦਾ ਹੋਵੇ। ਇਸੇ ਤਰ੍ਹਾਂ ਜੋ ਕਿਸੇ ਹੋਰ ਨੂੰ ਸੱਚ ਲਗਦਾ ਹੋਵੇ, ਹੋ ਸਕਦਾ ਹੈ ਮੈਨੂੰ ਉਹ ਝੂਠ ਲਗਦਾ ਹੋਵੇ। ਇਸ ਕਰਕੇ ਮੈਂ ਸਮਝਦਾ ਹਾਂ ਕਿ ਸਮਾਜ ਵਿਚ ਬੋਲਣ ਤੇ ਲਿਖਣ ਦੀ ਹਰ ਇਕ ਨੂੰ ਅਜ਼ਾਦੀ ਹੋਣੀ ਚਾਹੀਦੀ ਹੈ। ਇਸੇ ਨਾਲ ਸਮਾਜ ਪ੍ਰਗਤੀ ਕਰਦਾ ਹੈ ਤੇ ਪ੍ਰਗਤੀਸ਼ੀਲ ਸਮਾਜ ਦੀ ਨਿਸ਼ਾਨੀ ਵੀ ਇਹੀ ਹੈ। ਮੈਂ ਐੱਮ ਏ ਕਰਦਿਆਂ ਲਿਖਣਾ ਸ਼ੁਰੂ ਕਰ ਦਿੱਤਾ ਦੀ। ਪੰਜਾਬੀ ਟ੍ਰਿਬਿਊਨ, ਅਜੀਤ, ਸਮਦਰਸ਼ੀ, ਫਿਲਹਾਲ ਤੇ ਹੁਣ ਵਿਚ ਮੇਰੇ ਲੇਖ ਛਪਦੇ ਰਹਿੰਦੇ ਹਨ। ਫੇਸਬੁਕ ਆਈ ਤਾਂ ਮੈਂ ਇਸ 'ਤੇ ਵੀ ਆਪਣੇ ਵਿਚਾਰ ਲਿਖਣੇ ਸ਼ੁਰੂ ਕਰ ਦਿੱਤੇ। ਫਿਰ ਮੇਰਾ ਧਿਆਨ ਅਖਬਾਰਾਂ, ਰਸਾਲਿਆਂ ਤੋਂ ਹਟ ਕੇ ਫੇਸਬੁਕ 'ਤੇ ਹੀ ਕੇਂਦਰਤ ਹੋ ਗਿਆ। ਮੈਂ ਦੇਖਿਆ ਕਿ ਫੇਸਬੁਕ ਦਾ ਵੱਡਾ ਹਿੱਸਾ ਤਾਂ ਮਹਿਜ਼ ਫੇਕਬੁਕ ਬਣ ਗਿਆ ਹੈ, ਪਰ ਮੈਂ ਇਸ ਨੂੰ ਫੇਸ ਅਤੇ ਬੁਕ ਦੀ ਪੂਰਨ ਤਰਜਮਾਨੀ ਵਜੋਂ ਲੈਂਦਾ ਹਾਂ। ਕਹਿੰਦੇ ਹਨ ਫੇਸ ਇਜ਼ ਦੀ ਇੰਡੈਕਸ ਆਫ ਮਾਈਂਡ। ਮੈਂ ਸਮਝਦਾ ਹਾਂ ਕਿ ਫੇਸਬੁਕ ਦਾ ਅਰਥ ਹੈ ਕਿ ਜੋ ਤੁਹਾਡੇ ਮਾਈਂਡ ਵਿਚ ਬੁਕ ਹੈ, ਉਸ ਨੂੰ ਫੇਸ 'ਤੇ ਲੈ ਆਓ। ਅਰਥਾਤ ਆਪਣੇ ਦਿਲ ਦੀ ਗੱਲ ਫੇਸਬੁਕ 'ਤੇ ਕਰੋ। ਕੋਈ ਵੀ ਅਖਬਾਰ ਜਾਂ ਰਸਾਲਾ ਕਦੇ ਕਿਸੇ ਨੂੰ ਦਿਲ ਦੀ ਗੱਲ ਨਹੀਂ ਕਹਿਣ ਦਿੰਦਾ, ਸਿਰਫ ਫੇਸਬੁਕ ਹੀ ਹੈ, ਜਿਥੇ ਦਿਲ ਦੀ ਗੱਲ ਹੁੰਦੀ ਹੈ। ਫੇਸਬੁਕ 'ਤੇ ਮੈਂ ਦਿਲ ਦੀਆਂ ਗੱਲਾਂ ਲਿਖਣ ਲੱਗਿਆ ਤਾਂ ਮੈਨੂੰ ਧੜਾਧੜ ਦੋਸਤੀ ਦੇ ਸੱਦੇ ਆਉਣ ਲੱਗੇ ਤੇ ਮੈਂ ਓ ਕੇ ਕਰਦਾ ਗਿਆ। ਜਲਦੀ ਹੀ ਮੇਰੇ ਦੋਸਤ ਪੰਜ ਹਜ਼ਾਰ ਨੂੰ ਪੁੱਜ ਗਏ। ਦੋਸਤੀ ਦੇ ਸੱਦਿਆਂ ਦੇ ਨਾਲ-ਨਾਲ ਕਈ ਸੱਜਣ ਮੇਰੇ ਵਿਰੁੱਧ ਵੀ ਹੋਣੇ ਸ਼ੁਰੂ ਹੋ ਗਏ। ਇਨ੍ਹਾਂ ਵਿਚੋਂ ਕੋਈ ਵਿਰਲਾ ਹੀ ਸੀ, ਜਿਹੜਾ ਤਹਿਜ਼ੀਬ ਤੇ ਤਮੀਜ਼ ਦੀ ਰੇਖਾ ਦਾ ਖਿਆਲ ਰੱਖ ਕੇ ਵਿਚਾਰ ਕਰਦਾ ਸੀ। ਬਹੁਤੇ ਅਜਿਹੇ ਸਨ, ਜਿਨ੍ਹਾਂ ਨੂੰ ਜਿਵੇਂ ਪਤਾ ਹੀ ਨਾ ਹੋਵੇ ਕਿ ਤਹਿਜ਼ੀਬ ਕੀ ਹੁੰਦੀ ਤੇ ਤੇ ਤਮੀਜ਼ ਕਿਹਨੂੰ ਕਹਿੰਦੇ ਹਨ। ਅਜਿਹੇ ਸੱਜਣਾਂ ਨਾਲ ਮੈਂ ਉਲਝਣ ਦੀ ਬਜਾਏ ਦੂਰੀ ਬਣਾ ਲਈ ਤੇ ਉਨ੍ਹਾਂ ਦੀਆਂ ਗਾਲ੍ਹਾਂ ਵਰਗੀਆਂ ਗੱਲਾਂ ਵੱਲ ਮੈਂ ਤਵੱਜੋ ਦੇਣੀ ਹੀ ਬੰਦ ਕਰ ਦਿੱਤੀ। ਬਹੁਤ ਸਾਰਿਆਂ ਨੂੰ ਤਾਂ ਮੈਂ ਬਲੌਕ ਹੀ ਕਰ ਦਿੱਤਾ ਕਿ ਨਾ ਮੇਰੀ ਕੋਈ ਗੱਲ ਉਨ੍ਹਾਂ ਤੱਕ ਪੁੱਜੇ ਤੇ ਨਾ ਉਨ੍ਹਾਂ ਦੀਆਂ ਗਾਲ੍ਹਾਂ ਮੇਰੇ ਤਕ ਅੱਪੜਨ। ਮੈਂ ਆਪਣੇ ਕਾਲਜ ਵਿਖੇ ਤੀਹ ਸਾਲ ਪੜ੍ਹਾਇਆ ਹੈ ਤੇ ਹੁਣ ਸੇਵਾ-ਮੁਕਤ ਹੋਇਆ ਹਾਂ। ਮੈਂ ਦੇਖਿਆ ਕਿ ਕਾਲਜਾਂ ਦੇ ਬਹੁਤੇ ਅਧਿਆਪਕ ਸੇਵਾ-ਮੁਕਤੀ ਤੋਂ ਬਾਅਦ ਜਲਦੀ ਹੀ ਜੀਵਨ ਮੁਕਤ ਹੋ ਜਾਂਦੇ ਹਨ। ਪੈਂਹਟ, ਛਿਆਹਠ ਹੋਣ ਦੀ ਦੇਰ ਹੈ ਕਿ ਉਦੋਂ ਹੀ ਪਤਾ ਲਗਦਾ ਹੈ ਕਿ ਉਹ ਵੀ ਤੁਰ ਗਿਆ। ਅਧਿਆਪਕ ਨੂੰ ਤਨਖਾਹ ਮਿਲਦੀ ਹੈ, ਜਿਸ ਦਾ ਅਰਥ ਤਨ+ਖਾਹ ਅਰਥਾਤ ਉਹ ਰਾਸ਼ੀ ਹੈ, ਜਿਹੜੀ ਤਨ ਦੇ ਖਾਣ ਲਈ ਹੈ, ਜੋੜਨ ਲਈ ਨਹੀਂ। ਤਨਖਾਹ ਜੋੜਨ ਵਾਲੇ ਖੁਦ ਏਨੇ ਜੁੜ ਜਾਂਦੇ ਕਿ ਜੁੜੀ ਹੋਈ ਤਨਖਾਹ ਜੁੜੇ ਹੋਏ ਜੋੜ ਖੋਲ੍ਹਣ 'ਤੇ ਹੀ ਖਰਚ ਹੋ ਜਾਂਦੀ ਹੈ। ਇਸ ਲਈ ਅਧਿਆਪਕ ਤਨਖਾਹ ਨਹੀਂ ਜੋੜਦੇ ਤੇ ਨਾਲੋ-ਨਾਲ ਖਾ-ਪੀ ਜਾਂਦੇ ਹਨ। ਸੇਵਾ-ਮੁਕਤੀ ਉਪਰੰਤ ਪੈਨਸ਼ਨ ਵਾਲੇ ਤਾਂ ਨੱਬੇ, ਪਚਾਨਵੇਂ ਤੱਕ ਵੀ ਪੂਰੇ ਕਰ ਲੈਂਦੇ ਹਨ, ਪਰ ਬਿਨਾਂ ਪੈਨਸ਼ਨ ਵਾਲੇ ਛੇਤੀ ਹੀ ਦਮ ਤੋੜ ਜਾਂਦੇ ਹਨ। ਸੇਵਾ-ਮੁਕਤੀ 'ਤੇ ਤੀਘੜ-ਤੀਘੜ ਕੇ ਮਾੜੀ-ਮੋਟੀ ਗ੍ਰੈਚੂਇਟੀ ਮਿਲਦੀ ਹੈ, ਜਿਹਦਾ ਤਿੰਨ-ਚਾਰ ਸਾਲ ਵਿਚ ਅਧਿਆਪਕ ਦੇ ਨਾਲ ਹੀ ਭੋਗ ਪੈ ਜਾਂਦਾ ਹੈ। ਮੈਂ ਅਣ-ਏਡਿਡ ਕਾਲਜਾਂ ਦੇ ਕਈ ਅਧਿਆਪਕ ਇਹ ਕਹਿੰਦੇ ਸੁਣੇ ਹਨ ਕਿ ਜੇ ਪੈਨਸ਼ਨ ਲੱਗ ਜਾਵੇ ਤਾਂ ਦਸ-ਪੰਦਰਾਂ ਸਾਲ ਹੋਰ ਜੀ ਲਵਾਂਗੇ। ਜਿਸ ਸਮਾਜ ਦੇ ਅਧਿਆਪਕਾਂ ਦੀ ਇਹ ਹਾਲਤ ਹੋਵੇ, ਉਹ ਸਮਾਜ ਕਦੇ ਵੀ ਤਰੱਕੀ ਨਹੀਂ ਕਰ ਸਕਦਾ। ਮੈਨੂੰ ਯਾਦ ਹੈ ਕਿ ਸੁਪਰੀਮ ਕੋਰਟ ਨੇ ਕਿਸੇ ਕੇਸ ਦੇ ਮਾਮਲੇ ਵਿਚ ਕਿਹਾ ਹੋਇਆ ਹੈ ਕਿ ਅਧਿਆਪਕ ਕਰਮਚਾਰੀ ਨਹੀਂ ਹੁੰਦੇ, ਪਰ ਅੱਜਕੱਲ੍ਹ ਅਧਿ